Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਸਤੰਬਰ 2015 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਦੀ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਅਸਲੀ ਤਰੱਕੀ



ਅਜੋਕੇ ਸਮੇਂ ਵਿਚ ਸਰਕਾਰਾਂ ਨਵੇਂ ਪ੍ਰੋਜੈਕਟ ਜੋ ਕਿ ਵੱਡੇ ਪੱਧਰ ਤੇ ਹੁੰਦੇ ਹਨ ਨੂੰ ਤਰਜੀਹ ਦਿੰਦੀਆਂ ਹਨ ਅਤੇ ਉਸ ਉੱਪਰ ਪੈਸਾ ਖਰਚ ਕੇ ਆਪਣਾ ਨਾਮਣਾ ਖੱਟਦੀਆਂ ਹਨ। ਜਿਸ ਤਰ੍ਹਾਂ ਕਿ ਸਮਾਰਟ ਸਿਟੀ ਪ੍ਰੋਜੈਕਟ, ਸਰਕਾਰੀ ਹਸਪਤਾਲਾਂ ਦੀ ਜਗ੍ਹਾ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਨੂੰ ਹੱਲਾ ਸ਼ੇਰੀ ਦੇ ਕੇ ਸਥਾਪਿਤ ਕਰਨੇ, ਨਵੇਂ ਮੇਗਾ ਪ੍ਰੋਜੈਕਟਾਂ ਦੀ ਬਾਹਰਲੀਆਂ ਕੰਪਨੀਆਂ ਤੋਂ ਮਹਿੰਗੇ ਭਾਅ ਉਸਾਰੀ, ਪੁਲਾੜ ਵਿਚ ਉਪਗ੍ਰਹਿ ਮਿਸ਼ਨ ਬਣਾਏ ਜਾਣੇ ਆਦਿ। ਇਹ ਸਭ ਕੁਝ ਵੈਸੇ ਤਾਂ ਸਹੀ ਜਾਪਦਾ ਹੈ ਪ੍ਰੰਤੂ ਮੁੱਢਲੀ ਜ਼ਰੂਰਤਾਂ ਨੂੰ ਛੱਡ ਕੇ ਜੇ ਅਸੀ ਇਹ ਸਭ ਨੂੰ ਤਰਜੀਹ ਦਿੰਦੇ ਹਾ ਤਾਂ ਇਹ ਮੁੱਢਲੀਆਂ ਜ਼ਰੂਰਤਾਂ ਨੂੰ ਅੱਖੋਂ ਪਰੋਖੇ ਕਰਨ ਵਾਲੀ ਗੱਲ ਹੈ। ਸਰਕਾਰਾਂ ਦਾ ਫਰਜ਼ ਹੁੰਦਾ ਹੈ ਕਿ ਉਹ ਲੋਕਾਂ ਦੇ ਆਤਮ ਵਿਸ਼ਵਾਸ਼ ਨੂੰ ਮਜਬੂਤ ਕਰੇ ਅਤੇ ਜਨ ਸੇਵਾ ਨੂੰ ਮੁੱਖ ਫਰਜ਼ ਦੇ ਤੌਰ ਤੇ ਕਰੇ। ਇਨਸਾਨ ਦੀ ਮੁੱਢਲੀਆਂ ਜ਼ਰੂਰਤਾਂ ਰੋਟੀ, ਕੱਪੜਾ ਅਤੇ ਮਕਾਨ ਹੁੰਦਾ ਹੈ ਜਿਸ ਨੂੰ ਸਾਡੀਆਂ ਸਰਕਾਰਾਂ ਅਤੇ ਪ੍ਰਸ਼ਾਸਨ ਨੂੰ ਪਹਿਲ ਦੇ ਆਧਾਰ ਤੇ ਕਰਨੀਆਂ ਚਾਹੀਦੀਆਂ ਹਨ। ਪ੍ਰੰਤੂ ਅੱਜਕਲ ਵੇਖਣ ਵਿਚ ਆਇਆ ਹੈ ਕਿ ਆਮ ਆਦਮੀ ਨੂੰ ਆਪਣੀ ਛੋਟੀ ਤੋਂ ਛੋਟੀ ਨੌਕਰੀ ਲਈ ਵੀ ਬਹੁਤ ਸੰਘਰਸ਼ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦਾ ਜੀਵਨ ਪ੍ਰਵਾਹ ਵੀ ਮੁਸ਼ਕਿਲ ਨਾਲ ਹੁੰਦਾ ਹੈ। ਪਿੱਛੇ ਜਿਹੇ ਉੱਤਰ ਪ੍ਰਦੇਸ਼ ਵਿਚ 365 ਸੇਵਾਦਾਰ ਦੀਆਂ ਆਸਾਮੀਆਂ ਲਈ 23 ਲੱਖ ਅਰਜੀਆਂ ਪਹੁੰਚੀਆਂ ਹਨ ਜਿਸ ਨੂੰ ਵੇਖ ਕੇ ਅਸਹਿ ਝਟਕਾ ਲੱਗਦਾ ਹੈ। ਏਨੀਆਂ ਅਰਜੀਆਂ ਨੂੰ ਵੇਖਣਾ ਅਤੇ ਇੰਟਰਵਿਊ ਕਰਨਾ ਖਜਲ ਖੁਆਰੀ, ਪੈਸਾ ਬਰਬਾਦੀ ਤੇ ਸਮਾ ਬਰਬਾਦੀ ਹੈ। ਇਸ ਵਿਚ ਇਹ ਵੀ ਵੇਖਿਆ ਗਿਆ ਹੈ ਕਿ ਇਨ੍ਹਾਂ ਉਮੀਦਵਾਰਾਂ ਵਿਚ ਪੜ੍ਹੇ ਲਿਖੇ ਯੋਗ BSC, Msc, M.Com, Phd. ਪਾਸ ਵੀ ਵੱਡੀ ਗਿਣਤੀ ਵਿਚ ਸ਼ਾਮਲ ਹਨ। ਲੋਕ ਇਹ ਸੋਚਦੇ ਹਨ ਕਿ ਬੇਕਾਰ ਘੁੰਮਣ ਨਾਲੋਂ ਸੇਵਾਦਾਰ ਬਣ ਕੇ ਰਹਿਣਾ ਚੰਗਾ ਹੈ ਬਜਾਏ ਕਿ ਰਿਸ਼ਤੇਦਾਰਾਂ ਤੇ ਦੋਸਤਾਂ ਤੇ ਨਿਰਭਰ ਹੋਣਾ। ਇਸੇ ਤਰ੍ਹਾ ਪੰਜਾਬ ਅਤੇ ਦੇਸ਼ ਵਿਚ ਕਿਸਾਨਾਂ ਦੀ ਬਹੁਤ ਮੰਦੀ ਹਾਲਤ ਹੈ ਜਿਸ ਵਿਚ ਫਸਲਾਂ ਕਿਸੇ ਨਾ ਕਿਸੇ ਬਿਮਾਰੀ , ਕੁਦਰਤੀ ਕਰੋਪੀ ਨਾਲ ਖਰਾਬ ਹੋ ਜਾਂਦੀਆਂ ਹਨ, ਜਿਸ ਕਰਕੇ ਖੇਤੀਬਾੜੀ ਮਾਲਕਾਂ ਨੂੰ ਅਸਿਹ ਨੁਕਸਾਨ ਹੁੰਦਾ ਹੈ। ਇਸ ਕਾਰਨ ਕਿਸਾਨਾਂ ਵਿਚ ਖੁਦਕੁਸ਼ੀਆਂ ਦਾ ਦੌਰ ਕਾਫੀ ਵੇਖਿਆ ਗਿਆ ਹੈ। ਕਿਸਾਨਾਂ ਦੇ ਨਾਲ ਨਾਲ ਬਹੁਤੇ ਮਜ਼ਦੂਰ ਜੋ ਜ਼ਮੀਨਾਂ ਦੇ ਮਾਲਕ ਨਹੀਂ ਹੁੰਦੇ ਖੇਤੀਬਾੜੀ ਦੇ ਧੰਦੇ ਵਿਚ ਹਨ ਉਹ ਵੀ ਲਾਵਾਰਿਸ ਹੋ ਗਏ ਹਨ। ਹੁਣੇ ਜਿਹੇ ਵੇਖਣ ਵਿਚ ਆਇਆ ਹੈ ਕਿ ਨਰਮੇ ਅਤੇ ਚਾਵਲ ਦੀ ਫਸਲ ਵਿਚ ਖਰਾਬੀ ਹੋਣ ਕਰਕੇ ਮਜ਼ਦੂਰਾਂ ਨੂੰ ਪੰਜਾਬ ਵਿਚੋਂ ਰਾਜਸਥਾਨ, ਹਰਿਆਣਾ ਅਤੇ ਗੁਜਰਾਤ ਆਦਿ ਸੂਬਿਆਂ ਵਿਚ ਜਾ ਕੇ ਆਪਣੀ ਰੋਜੀ ਰੋਟੀ ਲਈ ਦਰ ਦਰ ਠੋਕਰਾਂ ਖਾਣੀਆਂ ਪੈ ਰਹੀਆਂ ਹਨ। ਇਹ ਚੰਗੇ ਆਸਾਰ ਨਹੀਂ ਹਨ। ਤਕਰੀਬਨ ਹਰ ਸੂਬੇ ਵਿਚ ਪੜ੍ਹੇ ਲਿਖੇ ਨੌਜਵਾਨ 35% ਤੋਂ 55 % ਤੱਕ ਹਨ। ਚੰਗੇ ਪੜ੍ਹਣ ਦੇ ਬਾਵਜੂਦ ਵੀ ਬੇਰੁਜ਼ਗਾਰ ਹਨ। ਇਹ ਰੁਝਾਨ ਦਿ-ਬ-ਦਿਨ ਵੱਧਦਾ ਜਾ ਰਿਹਾ ਹੈ। ਇਸ ਬੇਰੁਜ਼ਗਾਰੀ ਦਾ ਅਸਰ ਆਰਥਿਕ ਅਤੇ ਸਮਾਜਿਕ ਪੱਧਰ ਤੇ ਬਹੁਤ ਬੁਰਾ ਹੋ ਰਿਹਾ ਹੈ ਅਤੇ ਅੱਗੋਂ ਵੀ ਹੁੰਦੇ ਰਹਿਣ ਦੇ ਆਸਾਰ ਹਨ। ਸਮੇਂ ਦੀਆਂ ਸਰਕਾਰਾਂ ਅਤੇ ਪ੍ਰਸਾਸ਼ਨਿਕ ਢਾਂਚਾ ਹੀ ਚੰਗੀ ਕਾਰਜ਼ੁਗਾਰੀ ਕਰਕੇ ਲਾਹੇਵੰਦ ਕਰ ਸਕਦਾ ਹੈ। ਮੁੱਢਲੀਆਂ ਪ੍ਰਣਾਲੀਆਂ ਨੂੰ ਤੱਥਾਂ ਦੇ ਅਧਾਰ ਤੇ ਠੀਕ ਕਰਨਾ ਹੋਵੇਗਾ ਨਹੀਂ ਤਾਂ ਮੌਜੂਦਾ ਹਾਲਾਤ ਵੇਖ ਕੇ ਲਗਦਾ ਹੈ ਕਿ ਸਰਕਾਰਾਂ ਦੀ ਕਾਰਜ਼ੁਗਾਰੀ ਡੰਗ ਟਪਾਊ ਹੈ ਅਤੇ ਇਨ੍ਹਾਂ ਨੂੰ ਵੇਖ ਕੇ ਨਹੀਂ ਲੱਗਦਾ ਕਿ ਰਾਜਸੀ ਲਾਹਾ ਲੈਣ ਖਾਤਰ ਇਨ੍ਹਾਂ ਨੂੰ ਕਦੇ ਸਮਝ ਆਵੇਗੀ ਅਤੇ ਬਾਅਦ ਵਿਚ ਬਹੁਤ ਦੇਰੀ ਹੋ ਜਾਵੇਗੀ।

ਹੁਣੇ ਜਿਹੇ ਸਰਕਾਰਾਂ ਵੱਲੋਂ ਸਮਾਰਟ ਸਿਟੀ ਦੇ ਸ਼ਹਿਰਾਂ ਦੀ ਲਿਸਟ ਬਣਾਈ ਗਈ ਹੈ ਜਿਸ ਅਧੀਨ ਗੰਦਾ ਪਾਣੀ, ਨਦੀ ਨਾਲੇ, ਕੂੜਾ ਕਰਕਟ ਸ਼ਹਿਰਾਂ ਤੋਂ ਪਿੰਡਾਂ ਵਿਚ ਡੰਪ ਬਣਾ ਕੇ ਤਜਵੀਜਾਂ ਬਣ ਰਹੀਆਂ ਹਨ। ਜਿਸ ਨਾਲ ਪਿੰਡਾਂ ਦੀ ਜ਼ਿੰਦਗੀ ਖਰਾਬ ਹੋ ਜਾਵੇਗੀ ਅਤੇ ਬਿਮਾਰੀਆਂ ਫੈਲਣਗੀਆਂ ਤੇ ਸਫਾਈ ਧਰੀ ਦੀ ਧਰੀ ਰਹਿ ਜਾਵੇਗੀ। ਸ਼ਹਿਰਾਂ ਵਿਚ ਦਿਨੋਂ ਦਿਨ ਭੀੜ ਵੱਧ ਰਹੀ ਹੈ।

ਇਹ ਕੂੜੇ ਦੇ ਡੰਪ ਸ਼ਹਿਰਾਂ ਦੇ ਨਜ਼ਦੀਕ ਹੀ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦਾ ਪੂਰਾ ਕੰਟਰੋਲ ਕਰਕੇ ਸੀਮਿੰਟ, ਖਾਦ, ਸਾੜ ਕੇ ਬਿਜਲੀ ਪੈਦਾ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ, ਨਹੀਂ ਤਾਂ ਵਾਧੂ ਗੰਦਗੀ ਕਰਕੇ ਡੰਪ ਵੱਧਦੇ ਜਾਣਗੇ ਅਤੇ ਜਿਸ ਕਾਰਨ ਜਨਤਾ ਦੀ ਸਿਹਤ ਖਰਾਬ ਹੁੰਦੀ ਹੈ ਤੇ ਪਾਣੀ ਗੰਦਾ ਅਤੇ ਖੜ੍ਹਾ ਹੋਣ ਕਰਕੇ ਹੈਪੈਟਾਈਟਿਸ , ਸ਼ੂਗਰ, ਗੁਰਦਿਆਂ ਦੀ ਬਿਮਾਰੀ, ਕੈਂਸਰ, ਡੇਂਗੂ, ਚਮੜੀ ਰੋਗ ਅਤੇ ਐਲਰਜੀ ਪੈਦਾ ਕਰਦੇ ਹਨ। ਇਸੇ ਤਰ੍ਹਾ ਪਲਾਸਟਿਕ ਦੇ ਲਿਫਾਫੇ ਮਾਈਕਰੋ ਜਰਮ ਪੈਦਾ ਕਰਦੇ ਹਨ ਅਤੇ ਇਹ ਸਮਾਜ ਲਈ ਘਾਤਕ ਸਿੱਧ ਹੁੰਦੇ ਹਨ। ਇਕ ਪਾਸੇ ਬੇਪਨਾਹ ਦੌਲਤ ਹੈ ਤੇ ਕਿਤੇ ਉਧਾਰ ਵੀ ਨਹੀਂ ਮਿਲਦਾ। ਇਹ ਚੋਰਾਂ ਸਾਧਾ ਅਤੇ ਨੇਤਾ ਦੀ ਰਲੀ ਮਿਲੀ ਭੁਗਤ ਹੈ ਜੋ ਕਿ ਇਕ ਅਨਿਖੜਵਾਂ ਦਾ ਗੱਠ-ਜੋੜ ਬਣ ਗਿਆ ਹੈ। ਇਸ ਨੂੰ ਆਪਣੇ ਕੌਮ ਦੇ ਹਿਤਾਂ ਵਿਚ ਸੁਧਾਰਣ ਦੀ ਲੋੜ ਹੈ। ਅੱਜਕਲ ਭੁੱਕੀ, ਗਾਂਜਾ, ਅਫੀਮ ਵਗੈਰਾ ਦੀ ਕਿਤੇ ਥੁੜ ਨਹੀਂ ਹੈ। ਇਹ ਸੁਧਾਰ ਤਾਂ ਹੀ ਪਾਏ ਜਾ ਸਕਦੇ ਹਨ ਜੇ ਮੁੱਢਲੀਆਂ ਜ਼ਰੂਰਤਾਂ ਨੂੰ ਪਹਿਲ ਦੇ ਅਧਾਰ ਤੇ ਸੁਲਝਾ ਕੇ ਹੀ ਵੱਡੀਆਂ ਤਰੱਕੀਆਂ ਵੱਲ ਵੇਖਿਆ ਜਾਵੇ ਅਤੇ ਸਹੀ ਅੰਜਾਮ ਦਿੱਤਾ ਜਾਵੇ। ਮੁੱਢਲੀਆਂ ਜ਼ਰੂਰਤਾਂ ਪੈਣ ਤੇ ਖੁਰਾਕ ਤੋਂ ਇਲਾਵਾ ਗਰੀਬ ਵਰਗ ਨੂੰ ਮੈਡੀਕਲ ਸੁਵਿਧਾਵਾਂ ਸਮੇਂ ਸਿਰ ਅਤੇ ਲੋੜੀਂਦੇ ਤੌਰ ਤੇ ਦਿੱਤੀਆਂ ਜਾਣ, ਜੋ ਕਿ ਅੱਜਕਲ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਚੁੱਕੀਆਂ ਹਨ। ਗਰੀਬ ਵਰਗ ਆਪਣੀ ਆਰਥਿਕ ਤੰਗੀ ਕਰਕੇ ਇਨ੍ਹਾਂ ਸੇਵਾਵਾਂ ਨੂੰ ਨਹੀਂ ਲੈ ਸਕਦਾ। ਇਸ ਲਈ ਸਰਕਾਰਾਂ ਨੂੰ ਆਮ ਜਨਤਾ ਨੂੰ ਪੂਰੀਆਂ ਮੈਡੀਕਲ ਸੇਵਾਵਾਂ ਦੇਣੀ ਚਾਹੀਦੀਆਂ ਹਨ ਜਿਵੇਂ ਕਿ ਬਾਹਰਲੇ ਮੁਲਕਾਂ ਵਿਚ ਹੈ। ਇਸੇ ਤਰ੍ਹਾਂ ਮੈਡੀਕਲ ਇਲਾਜ ਪੂਰਾ ਹੋਣਾ ਚਾਹੀਦਾ ਹੈ ਅਤੇ ਹਰ ਵਿਅਕਤੀ ਤੋਂ ਬੀਮਾ ਵਸੂਲ ਕਰਕੇ ਕਾਫੀ ਧਨ ਇਕੱਠਾ ਹੋ ਸਕਦਾ ਹੈ। ਉਦਾਹਰਣ ਦੇ ਤੌਰ ਤੇ ਫੌਜ ਵੱਲੋਂ ਜਿਵੇਂ ਫੌਜੀਆਂ ਨੂੰ ਮੈਡੀਕਲ ਸੇਵਾਵਾਂ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਉਹ ਠੀਕ ਹਨ। ਇਹ ਸੇਵਾਵਾਂ ਭਾਰਤ ਵਿਚ ਹਰ ਵਿਅਕਤੀ ਨੂੰ ਮਿਲਣੀਆਂ ਯਕੀਨੀ ਬਨਾਉਣੀਆਂ ਚਾਹੀਦੀਆਂ ਹਨ। ਇਹੀ ਸਮਾਜ ਦੀ ਅਸਲ ਤਰੱਕੀ ਹੈ।

**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**ਮੋ. 98140-17067**

# ਲੁਬਾਣਾ ਸੇਵਕ

**Chief Editor**
S. Gurcharan Singh
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)

**Editor**
S. Bhagwan Singh Lubana
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 43 | ਸਤੰਬਰ - 2015



1. ਬਾਬਾ ਬੁੱਲ੍ਹੇ ਸ਼ਾਹ 5
2. ਗਿਆਨ ਦੇ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 8
3. ਗੁਰ ਸਾਗਰ ਦੇ ਸੁੱਚੇ ਮੋਤੀ 11
4. ਕਥਾ ਕੋਹੇਨੂਰ ਹੀਰੇ ਦੀ 15
5. ਜ਼ਿੰਦਗੀ ਦਾ ਅਟੱਲ ਸੱਚ : ਮੌਤ 19
6. ਕਹਾਣੀ (ਟੁਕੜੇ-ਟੁਕੜੇ ਹੋਈ ਸੋਚ) 22
7. ਕਾਵਿ-ਕਿਆਰੀ 25
8. ਸਿਹਤ-ਸੰਭਾਲ 27
9. ਔਰਤ ਦੇ ਭਿੰਨ-ਭਿੰਨ ਰੂਪ 28
10. ਸ਼ੋਕ ਸਮਾਚਾਰ 29
11. ਸ਼ੋਕ ਸਮਾਚਾਰ 30
12. ਭਵਨ ਦੇ ਮੈਂਬਰਾਂ ਦੀ ਲਿਸਟ 31
13. ਭਵਨ ਦੇ ਮੈਂਬਰਾਂ ਦੀ ਲਿਸਟ (ਜਨਵਰੀ ਤੋਂ ਮਈ) 34
14. ਦਾਨੀ ਸੱਜਣਾਂ ਦੀ ਸੂਚੀ 35
15. ਵਿਆਹ ਲਈ ਇਸ਼ਤਿਹਾਰ 38


**ਕਥਾ ਕੋਹੇਨੂਰ ਹੀਰੇ ਦੀ**




'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



Printed & Published by
Gurcharan Singh for Baba Makhan Shah Lobana Foundation (Regd.)
Sector 30-A, Chandigarh.

Computer Designing - WP&S, M.: 98153-78692

# ਬਾਬਾ ਬੁੱਲ੍ਹੇ ਸ਼ਾਹ

ਬੁੱਲ੍ਹੇ ਸ਼ਾਹ ਨੇ ਪੰਜਾਬੀ ਜਗਤ ਦੇ ਪੂਰਵਜਿਆਂ ਸੂਫ਼ੀ ਕਵੀਆਂ ਸ਼ਾਹ ਹੁਸੈਨ (1538-1599 ਈ.), ਸੁਲਤਾਨ ਬਾਹੂ (1629-1691 ਈ.) ਵੱਲੋਂ ਲਿਖੀਆਂ ਗਈਆਂ ਰਚਨਾਵਾਂ ਦੀ ਪ੍ਰੰਪਰਾ ਨੂੰ ਨਾ ਸਿਰਫ ਜਾਰੀ ਰੱਖਿਆ, ਬਲਕਿ ਸੂਫ਼ੀਆਂ ਦੀ ਵਿਚਾਰਧਾਰਾ ਨੂੰ ਤੂਫਾਨੀ ਵੇਗ ਨਾਲ ਸਿਖਰ 'ਤੇ ਪਹੁੰਚਾ ਦਿੱਤਾ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਨੂੰ ਨੂਰ ਜਹਾਂ, ਉਸਤਾਦ ਨੁਸਰਤ ਫਤਹਿ ਅਲੀ ਖਾਨ, ਆਬਿਦਾ ਪ੍ਰਵੀਨ, ਸਾਬਰੀ ਬ੍ਰਦਰਜ਼, ਵਡਾਲੀ ਬ੍ਰਦਰਜ਼, ਰੇਸ਼ਮਾ, ਰੂਨਾ ਲੈਲਾ ਆਦਿ ਪ੍ਰਸਿੱਧ ਗਾਇਕਾਂ ਅਤੇ ਗਾਇਕਾਵਾਂ ਨੇ ਖ਼ੂਬ ਗਾਇਆ। ਬੁੱਲ੍ਹੇ ਸ਼ਾਹ ਦੀ ਪ੍ਰਚੱਲਿਤ ਕਾਫੀਆਂ ਅਤੇ ਦੋਹੜੇ ਵਿੱਚੋਂ ਕੁਝ ਦਾ ਵਰਨਣ ਇਉਂ ਹੈ :-

ਬੁੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਮੈਂ ਮੋਮਨ ਵਿੱਚ ਮਸੀਤਾਂ, ਨਾ ਮੈਂ ਵਿੱਚ ਕੁਫਰ ਦੀਆਂ ਰੀਤਾਂ,
ਨਾ ਮੈਂ ਪਾਕਾ ਵਿੱਚ ਪਲੀਤਾ, ਨਾ ਮੈਂ ਮੂਸਾ ਨਾ ਫਰਔਨ।
ਬੁੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਮੈਂ ਅੰਦਰ ਬੇਦ ਕਿਤਾਬਾਂ, ਨਾ ਵਿੱਚ ਭੰਗਾਂ ਨਾ ਸ਼ਰਾਬਾਂ,
ਨਾ ਵਿੱਚ ਰਿੰਦਾਂ ਮਸਤ ਖਰਾਬਾਂ, ਨਾ ਵਿੱਚ ਜਾਗਣ ਨਾ ਵਿੱਚ ਸੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

*

ਰਾਤੀਂ ਜਾਗੇਂ ਕਰੇਂ ਇਬਾਦਤ, ਰਾਤੀਂ ਜਾਗਣ ਕੁੱਤੇ। ਤੈਥੋਂ ਉੱਤੇ।
ਭੌਂਕਣ ਬੰਦ ਮੂਲ ਨਾ ਹੁੰਦੇ, ਜਾਂ ਰੂੜੀ ਤੇ ਸੁੱਤੇ। ਤੈਥੋਂ ਉੱਤੇ।
ਖਸਮ ਆਪਣੇ ਦਾ ਦਰ ਨਾ ਛੱਡਦੇ, ਭਾਵੇਂ ਵੱਜਣ ਜੁੱਤੇ। ਤੈਥੋਂ ਉੱਤੇ।
ਬੁੱਲ੍ਹੇ ਸ਼ਾਹ ਕੋਈ ਰਖਤ ਵਿਹਾਜ ਲੈ, ਨਹੀਂ ਤੇ ਬਾਜ਼ੀ ਲੈ ਗਏ ਕੁੱਤੇ।
ਤੈਥੋਂ ਉੱਤੇ।

*

ਹਾਜੀ ਲੋਕ ਮੱਕੇ ਨੂੰ ਜਾਂਦੇ ਮੇਰਾ ਰਾਂਝਾ ਮਾਹੀ ਮੱਕਾ,
ਨੀ ਮੈਂ ਕਮਲੀ ਹਾਂ।
ਮੈਂ ਤੇ ਮੰਗ ਰਾਂਝੇ ਦੀ ਹੋਈਆਂ,
ਮੇਰਾ ਬਾਬਲ ਕਰਦਾ ਧੱਕਾ, ਨੀ ਮੈਂ ਕਮਲੀ ਹਾਂ।
ਹਾਜੀ ਲੋਕ ਮੱਕੇ ਨੂੰ ਜਾਂਦੇ ਮੇਰੇ ਘਰ ਵਿੱਚ ਨੌ ਸ਼ੌਹ ਮੱਕਾ
ਨੀ ਮੈਂ ਕਮਲੀ ਹਾਂ।
ਵਿਚੇ ਹਾਜ਼ੀ ਵਿਚੇ ਗਾਜ਼ੀ, ਵਿਚੇ ਚੋਰ ਉਚੱਕਾ,
ਨੀ ਮੈਂ ਕਮਲੀ ਹਾਂ।
ਹਾਜੀ ਲੋਕ ਮੱਕੇ ਨੂੰ ਜਾਂਦੇ ਅਸਾਂ ਜਾਣਾ
ਤਖ਼ਤ ਹਜ਼ਾਰੇ,
ਨੀ ਮੈਂ ਕਮਲੀ ਹਾਂ।

*

ਜਿੱਤ ਵੱਲ ਯਾਰ ਉੱਤੇ ਵੱਲ ਕਾਅਬਾ,



ਭਾਵੇਂ ਫੋਲ ਕਿਤਾਬਾਂ ਚਾਰੇ, ਨੀ ਮੈਂ ਕਮਲੀ ਹਾਂ।
ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।
ਰਾਂਝਾ ਮੈਂ ਵਿਚ ਮੈਂ ਰਾਂਝੇ ਵਿਚ, ਹੋਰ ਖ਼ਿਆਲ ਨਾ ਕੋਈ।
ਮੈਂ ਨਹੀਂ ਉਹ ਆਪ ਹੈ, ਆਪਣੀ ਆਪ ਕਰੇ ਦਿਲਜੋਈ।
ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ।

*

ਮੱਕੇ ਗਿਆਂ ਗੱਲ ਮੁੱਕਦੀ ਨਾਹੀਂ, ਜਿਚਰ ਦਿਲੋਂ ਨਾ ਆਪ ਮੁਕਾਈਏ।
ਗੰਗਾਂ ਗਿਆ ਗੱਲ ਮੁੱਕਦੀ ਨਾਹੀਂ, ਭਾਵੇਂ ਸੌ ਸੌ ਗੋਤੇ ਲਾਈਏ।
ਗਯਾ ਗਿਆਂ ਗੱਲ ਮੁੱਕਦੀ ਨਾਹੀਂ, ਭਾਵੇਂ ਕਿਤਨੇ ਪਿੰਡ ਭਰਾਈਏ।
ਬੁੱਲ੍ਹੇ ਸ਼ਾਹ ਗੱਲ ਤਾਂ ਹੀ ਮੁੱਕਦੀ, ਜਦ ਮੈ ਨੂੰ ਦਿਲੋਂ ਮੁਕਾਈਏ।

*

ਪੜ੍ਹ ਪੜ੍ਹ ਆਲਮ ਫਾਜ਼ਿਲ ਹੋਇਆ, ਕਦੇ
ਆਪਣੇ ਆਪ ਨੂੰ ਪੜ੍ਹਿਆ ਈ ਨਈਂ।
ਜਾ ਜਾ ਵੜਦਾ ਮੰਦਰ ਮਸੀਤੀਂ, ਕਦੇ
ਆਪਣੇ ਅੰਦਰ ਵੜਿਆ ਈ ਨਈਂ।
ਐਵੇਂ ਰੋਜ਼ ਸ਼ੈਤਾਨ ਨਾਲ ਲੜਦਾ, ਕਦੇ
ਨਫ਼ਸ ਆਪਣੇ ਨਾਲ ਲੜਿਆ ਈ ਨਈਂ।


ਭਗਵਾਨ ਸਿੰਘ ਲੁਬਾਣਾ
ਸੰਪਾਦਕ
98155-40240






**ਬਾਬਾ ਬੁੱਲ੍ਹੇ ਸ਼ਾਹ ਦੀ ਕਸੂਰ ਵਿਖੇ ਮਜ਼ਾਰ ਜਿਥੇ ਅਗਸਤ-ਸਤੰਬਰ ਮਹੀਨੇ ਬਹੁਤ ਵੱਡਾ ਮੇਲਾ ਲੱਗਦਾ ਹੈ।**

**ਬੁੱਲ੍ਹੇ ਸ਼ਾਹ ਅਸਮਾਨੀਂ ਉਡਦਿਆਂ ਫੜਦੈਂ, ਜਿਹੜਾ ਘਰ ਬੈਠਾ ਉਹਨੂੰ ਫੜਿਆ ਈ ਨਈਂ।**

*

**ਬੁੱਲ੍ਹੇ ਸ਼ਾਹ ਚਲ ਓਥੇ ਚੱਲੀਏ ਜਿੱਥੇ ਸਾਰੇ ਹੋਵਣ ਅੰਨ੍ਹੇ।**
**ਨਾ ਕੋਈ ਸਾਡੀ ਕਦਰ ਪਛਾਣੇ ਨਾ ਕੋਈ ਸਾਨੂੰ ਮੰਨੇ।**

*

ਬੁੱਲ੍ਹੇ ਸ਼ਾਹ ਵਰਗੇ ਮਹਾਨ ਸੂਫ਼ੀ ਸੰਤ ਕਵੀ ਬਾਰੇ ਘੋਖ ਪੜਤਾਲ ਕਰਨ ਤੇ ਮੈਨੂੰ ਇਕ ਨੁਕਤਾ ਬਹੁਤ ਰੜਕਦਾ ਹੈ ਕਿ ਬੁੱਲ੍ਹੇ ਸ਼ਾਹ ਦੇ ਜੀਵਨ ਕਾਲ (1680-1757 ਈ:) ਦੇ ਸਮੇਂ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਾਂਤੀਕਾਰੀ ਘਟਨਾਵਾਂ ਨੂੰ ਅੰਜਾਮ ਦਿੱਤਾ ਸੀ। ਇਸ ਸਮੇਂ ਹੀ ਆਨੰਦਪੁਰ ਸਾਹਿਬ ਵਿਖੇ 1699 ਈ: ਨੂੰ ਖਾਲਸੇ ਦੀ ਸਿਰਜਣਾ ਕੀਤੀ ਗਈ ਸੀ ਅਤੇ ਫਿਰ ਆਨੰਦਪੁਰ ਸਾਹਿਬ ਵਿਖੇ ਲੱਖਾਂ ਮੁਗਲਾਂ ਨਾਲ ਲੜਾਈ, ਚਮਕੌਰ ਸਾਹਿਬ ਵਿਖੇ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੀ ਸ਼ਹਾਦਤ, ਫਤਹਿਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਦੀ ਦਿਲ ਕੰਬਾਊ ਸ਼ਹਾਦਤ, ਖਿਦਰਾਣੇ ਦੀ ਢਾਬ ਮੁਕਤਸਰ ਦੀ ਲੜਾਈ ਆਦਿ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਮੁਗਲ ਸਾਮਰਾਜ ਦੀਆਂ ਨੀਹਾਂ ਹਿਲਾ ਦਿੱਤੀਆਂ ਸਨ। ਇਹ ਘਟਨਾਵਾਂ 1699 ਤੋਂ 1708 ਈ. ਦੇ ਵਿਚਕਾਰ ਵਾਪਰੀਆਂ ਅਤੇ ਇਸ ਸਮੇਂ ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਸ਼ਾਹ ਇਨਾਇਤ ਕਾਦਰੀ ਨਾਲ ਲਾਹੌਰ ਵਿਖੇ ਵਿਚਰ ਰਹੇ ਸਨ। ਪਰ ਬੁੱਲ੍ਹੇ ਸ਼ਾਹ ਵੱਲੋਂ ਇਨ੍ਹਾਂ ਘਟਨਾਵਾਂ ਦਾ ਇਕ ਦੋ ਜਗ੍ਹਾ 'ਤੇ ਹੀ ਜ਼ਿਕਰ ਕੀਤਾ ਗਿਆ ਜੋ ਕਿ ਇਤਿਹਾਸਕ ਪੱਖ ਤੋਂ ਕਾਫੀ ਰੜਕਦਾ ਹੈ। ਔਰੰਗਜ਼ੇਬ ਅਤੇ ਹੋਰ ਧਾਰਮਿਕ ਕੱਟੜਪੰਥੀ ਮੁਗ਼ਲ ਸ਼ਾਸ਼ਕਾਂ ਵੱਲੋਂ ਹਿੰਦੂਆਂ ਨੂੰ ਜ਼ਬਰਨ ਮੁਸਲਿਮ ਬਣਾਇਆ ਜਾ ਰਿਹਾ ਸੀ। ਅਜਿਹੀ ਦਸ਼ਾ ਪ੍ਰਤੀ ਬੁੱਲ੍ਹੇ ਸ਼ਾਹ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖਦੇ ਹਨ :-

**ਨ ਕਹੂੰ ਕਬ ਕੀ, ਨ ਕਹੂੰ ਤਬ ਕੀ**
**ਬਾਤ ਕਹੂੰ ਮੈਂ ਅਬ ਕੀ**
**ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ**
**ਸੁੰਨਤ ਹੋਤੀ ਸਭ ਕੀ।**

ਬੁੱਲ੍ਹੇ ਸ਼ਾਹ ਗੁਰੂ ਤੇਗ ਬਹਾਦਰ ਜੀ ਬਾਰੇ ਸਿਰਫ਼ ਇਕ ਜਗ੍ਹਾ 'ਤੇ ਸੰਕੇਤਕ ਰੂਪ ਵਿਚ ਇਉਂ ਲਿਖਦੇ ਹਨ -

**ਕਿਧਰੇ ਚੋਰ ਹੋ ਕਿਧਰੇ ਕਾਜ਼ੀ ਹੋ, ਕਿਤੇ ਮਿੰਬਰ ਤੇ ਬਹਿ ਵਾਇਜ਼ੀ ਹੋ।**
**ਕਿਤੇ ਤੇਗ਼ ਬਹਾਦਰ ਗ਼ਾਜ਼ੀ ਹੋ, ਆਪੇ ਆਪਣਾ ਕਟਕ ਚੜ੍ਹਾਈ ਦਾ।**

ਇਉਂ ਜਾਪਦਾ ਹੈ ਕਿ ਬੁੱਲ੍ਹੇ ਸ਼ਾਹ ਤੇ ਇਸਲਾਮੀ ਪ੍ਰਭਾਵ ਪੂਰੀ ਤਰ੍ਹਾਂ ਹਾਵੀ ਸੀ ਅਤੇ ਉਹ ਆਪਣੇ ਹੀ ਮੌਲਵੀ, ਮੌਲਾਣਿਆਂ, ਮਸੀਤਾਂ ਤੋਂ ਇਲਾਵਾ ਹਿੰਦੂ ਤੀਰਥਾਂ ਅੰਦਰ ਪਾਖੰਡਵਾਦ, ਪ੍ਰੰਪਰਾਗਤ ਭੈੜੀਆਂ ਰਹੁਰੀਤਾਂ ਨੂੰ ਖੂਬ ਭੰਡਦੇ ਰਹੇ, ਪਰ ਖ਼ਾਲਸੇ ਦੀ ਉਤਪਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਵਿਖੇ ਮੁਗਲ ਸਾਮਰਾਜ ਨੂੰ ਦਿੱਤੀ ਟੱਕਰ ਆਦਿ ਦਾ ਕਿਤੇ ਜ਼ਿਕਰ ਨਹੀਂ ਕੀਤਾ ਗਿਆ। ਬੇਸ਼ੱਕ ਬੁੱਲ੍ਹੇ ਸ਼ਾਹ ਇਸਲਾਮੀ ਸ਼ਰ੍ਹਾ ਦਾ ਪਾਬੰਦ ਨਹੀਂ ਸੀ ਪਰ ਉਹ ਇਸਲਾਮੀ ਪ੍ਰਭਾਵ ਤੋਂ ਮੁਕਤ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਇਕ ਸੰਤ-ਸਿਪਾਹੀ ਦੇ

ਰੂਪ ਵਿਚ ਹਾਕਮ ਸ਼੍ਰੇਣੀ ਦੇ ਜਬਰ ਖਿਲਾਫ਼ ਡੱਟ ਕੇ ਖੜ੍ਹੇ ਹੋ ਗਏ ਸਨ ਅਤੇ ਅਜਿਹਾ ਕਰਕੇ ਸਮਾਜ ਦੇ ਹਰ ਵਰਗ ਦੇ ਲੋਕ ਗੁਰੂ ਗੋਬਿੰਦ ਸਿੰਘ ਦੇ ਮੁਰੀਦ ਹੋ ਗਏ ਸਨ। ਗੁਰੂ ਨਾਨਕ ਸਾਹਿਬ ਦਾ ਸਮਾਜਵਾਦੀ, ਮਨੁੱਖਾਵਾਦੀ ਵਿਚਾਰਾਂ ਵਾਲਾ ਮਿਸ਼ਨ ਕਾਮਯਾਬ ਹੋ ਰਿਹਾ ਸੀ। ਪਰ ਬੁੱਲ੍ਹੇ ਸ਼ਾਹ ਅਜਿਹੀ ਕ੍ਰਾਂਤੀਕਾਰੀ ਤਬਦੀਲੀ ਨੂੰ ਦੇਖ ਸਿਰਫ਼ ਇਸਲਾਮ ਪ੍ਰਤੀ ਹੀ ਚਿੰਤਤ ਰਿਹਾ ਅਤੇ ਮੁਗ਼ਲਾਂ ਦੀ ਢਹਿੰਦੀ ਕਲਾ ਦਾ ਉਸ ਨੂੰ ਕਾਫੀ ਖੇਦ ਰਿਹਾ। ਸਿੱਖਾਂ ਦੀ ਚੜ੍ਹਤ ਅਤੇ ਵਧਦੀ ਤਾਕਤ ਨੂੰ ਬੁੱਲ੍ਹੇ ਸ਼ਾਹ ਨੇ ਆਪਣੇ ਅੰਦਾਜ਼ ਵਿਚ ਇਉਂ ਬਿਆਨ ਕੀਤਾ ਹੈ –

**ਮੁਗ਼ਲਾਂ ਜ਼ਹਿਰ ਪਿਆਲੇ ਪੀਤੇ, ਭੂਰਿਆ ਵਾਲੇ ਰਾਜੇ ਕੀਤੇ।**
**ਅਬ ਅਸ਼ਰਾਫ਼ ਫਿਰਨ ਚੁੱਪ ਕੀਤੇ, ਭਲਾ ਉਹਨਾਂ ਨੂੰ ਝਾੜਿਆ ਈ।**

*

**ਬਾਜਾਂ ਨੂੰ ਖਰਗੋਸ਼ਾਂ ਖਾਧਾ, ਜੁਰੇ ਚਿੜੀਆਂ ਮਾਰ ਗਵਾਏ।**
**ਭੂਰਿਆਂ ਵਾਲੇ ਰਾਜੇ ਕੀਤੇ, ਰਾਜੇ ਭੀਖ ਮੰਗਵਾਏ।**

*

ਅਗਰ ਬੁੱਲ੍ਹੇ ਸ਼ਾਹ ਵਰਗੇ ਮਹਾਨ ਕਵੀ ਵੱਲੋਂ ਇਨ੍ਹਾਂ ਘਟਨਾਵਾਂ ਦਾ ਜ਼ਿਕਰ ਕਰ ਦਿੱਤਾ ਜਾਂਦਾ ਤਾਂ ਸਿੱਖ ਇਤਿਹਾਸ ਲਈ ਬਹੁਤ ਵੱਡਮੁੱਲੀ ਦੇਣ ਹੋਣੀ ਸੀ।

ਔਰੰਗਜ਼ੇਬ ਦੇ ਸ਼ਾਸ਼ਨ ਦੌਰਾਨ ਪੰਜਾਬ ਦੀ ਆਰਥਿਕ ਅਤੇ ਸਮਾਜਿਕ ਹਾਲਤਬ ਡੀਦ_ਰਦਸ਼ਾਵ ਾਲੀਸ ਿਰ ਾਜਨੀਤਿਕਬ_ਰਸ਼ਾਗਰਦੀਅ ਤੇ ਜਗੀਰਦਾਰਾਂ ਦਾ ਆਮ ਮਿਹਨਤਕਸ਼ ਲੋਕਾਂ ਪ੍ਰਤੀ ਰਵੱਈਆ ਬਹੁਤ ਹੰਕਾਰੀ ਅਤੇ ਜ਼ਾਲਮਾਨਾਂ ਸੀ। ਇਸ ਸਥਿਤੀ ਬਾਰੇ ਬੁੱਲ੍ਹੇ ਸ਼ਾਹ ਨੇ ਲਿਖਿਆ ਹੈ–

**ਦਰ ਖੁਲ੍ਹਾ ਹਸ਼ਰ ਅਜ਼ਾਬ ਦਾ**
**ਬੁਰਾ ਹਾਲ ਹੋਇਆ ਪੰਜਾਬ ਦਾ**

*

**ਕੀਤੀ ਮਿਹਨਤ ਮਿਲਦੀ ਨਹੀਂ,**
**ਹੁਣ ਕੀ ਕਰੇ ਲੁਕਾਈ,**
**ਜਿੰਦ ਕੁੜਕੀ ਦੇ ਮੂੰਹ ਆਈ।**

*

ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਜੀ ਦੀ ਬਾਣੀ ਦਰਜ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਹੀ ਬਾਬਾ ਫਰੀਦ ਜੀ ਦੀ ਬਾਣੀ ਇਕੱਤਰ ਕਰ ਲਈ ਸੀ। ਗੁਰੂ ਅਰਜਨ ਦੇਵ ਜੀ ਨੇ ਬਾਬਾ ਫਰੀਦ ਜੀ ਦੀ ਉਸੇ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤਾ ਜੋ ਗੁਰੂ ਨਾਨਕ ਸਿਧਾਂਤ ਤੇ ਖਰੀ ਉਤਰਦੀ ਸੀ। ਗੁਰਮਤਿ ਵਿਚਾਰਧਾਰਾ ਅਤੇ ਸੂਫ਼ੀ ਮੱਤ ਦੀ ਬੜੀ ਨੇੜ ਦੀ ਸਾਂਝ ਜ਼ਰੂਰ ਹੈ ਪਰ ਗੁਰੂ ਨਾਨਕ ਸਾਹਿਬ ਦੀ ਪੂਰਨ ਵਿਚਾਰਧਾਰਾ ਅਤੇ ਸਮੇਂ-ਸਮੇਂ ਸਿਰ ਗੁਰੂ ਸਾਹਿਬਾਨ ਵੱਲੋਂ ਸਮੁੱਚੀ ਮਾਨਵਤਾ ਦੇ ਕਲਿਆਣ ਲਈ ਕੀਤੇ ਗਏ ਸੰਘਰਸ਼ ਅਤੇ ਘੋਲ ਅੱਗੇ ਸੂਫ਼ੀ ਸੁਧਾਰਵਾਦ ਫਿੱਕਾ ਪੈ ਜਾਂਦਾ ਹੈ।

ਪੰਜਾਬ ਅਤੇ ਖਾਸ ਕਰਕੇ ਦੁਆਬੇ ਅੰਦਰ ਸੈਂਕੜੇ ਹੀ ਮਜ਼ਾਰਾ ਹਨ, ਜੋ ਕਿ ਆਪਣਾ ਪਿਛੋਕੜ ਕਿਸੇ ਨਾ ਕਿਸੇ ਸੂਫ਼ੀ ਸਿਲਸਿਲੇ ਨਾਲ ਜੋੜਦੇ ਹਨ। ਪਰ ਹਕੀਕਤ ਇਹ ਹੈ ਕਿ ਇਹ ਸੂਫ਼ੀਵਾਦ ਦੇ ਰਹੱਸ ਅਤੇ ਅਧਿਆਤਮਕਤਾ ਤੋਂ ਕੋਹਾਂ ਦੂਰ ਹਨ। ਸਿੱਖ ਧਰਮ ਦੇ ਅਨੁਯਾਈਆਂ ਲਈ ਤਾਂ ਇਨ੍ਹਾਂ ਮਜ਼ਾਰਾਂ, ਡੇਰਿਆਂ ਪ੍ਰਤੀ ਆਸਥਾ ਰੱਖਣਾ ਗੁਰਮਤਿ ਸਿਧਾਂਤਾਂ ਦੇ ਉਲਟ ਹੈ ਕਿਉਂਕਿ ਗੁਰੂ ਸਾਹਿਬਾਨ ਨੇ ਉੱਚ ਪਾਏ ਦੀ ਸੂਫ਼ੀਆਂ ਪ੍ਰਤੀ ਬਣਦਾ ਸਨਮਾਨ ਬਾਬਾ ਫਰੀਦ ਜੀ ਦੀ ਬਾਣੀ ਅੰਕਿਤ ਕਰਕੇ ਦੇ ਦਿੱਤਾ ਹੈ। ਇਸ ਲਈ ਸਿੱਖਾਂ ਦੀ ਆਸਥਾ ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਹੋਣੀ ਚਾਹੀਦੀ ਹੈ।

ਬੁੱਲ੍ਹੇ ਸ਼ਾਹ ਨੇ ਆਪਣਾ ਅਖੀਰਲਾ ਸਮਾਂ ਕਸੂਰ ਸ਼ਹਿਰ ਵਿਖੇ ਹੀ ਗੁਜ਼ਾਰਿਆ ਅਤੇ ਇਥੇ ਹੀ 1757 ਈ: ਵਿੱਚ 77 ਸਾਲ ਦੀ ਉਮਰ ਭੋਗ ਕੇ ਫੌਤ ਹੋ ਗਏ ਸਨ। ਕਸੂਰ ਵਿਖੇ ਬਾਬਾ ਬੁੱਲ੍ਹੇ ਸ਼ਾਹ ਦੀ ਖੂਬਸੂਰਤ ਮਜਾਰ ਹੈ ਜਿਥੇ ਹਰ ਸਾਲ ਉਨ੍ਹਾਂ ਦੀ ਯਾਦ ਵਿਚ ਭਾਦਰੋਂ (ਅਗਸਤ-ਸਤੰਬਰ) ਮਹੀਨੇ ਬਹੁਤ ਵੱਡਾ ਮੇਲਾ ਲੱਗਦਾ ਹੈ। ਬੁੱਲ੍ਹੇ ਸ਼ਾਹ ਨੂੰ ਲੱਖਾਂ ਲੋਕ ਅੱਜ ਵੀ ਉਸ ਦੀਆਂ ਰਚਨਾਵਾਂ ਨੂੰ ਆਪਣੀ ਮਸਤੀ ਵਿਚ ਗਾ ਕੇ ਅਕੀਦਤ ਦੇ ਫੁੱਲ ਭੇਂਟ ਕਰਦੇ ਹਨ, ਜਿਨ੍ਹਾਂ ਵਿਚੋਂ ਕੁਝ ਰਚਨਾਵਾਂ ਦਾ ਜ਼ਿਕਰ ਇਉਂ ਹੈ –

**ਰੱਬ ਰੱਬ ਕਰਦੇ ਬੁੱਢੇ ਹੋ ਗਏ, ਮੁੱਲਾ ਪੰਡਤ ਸਾਰੇ।**
**ਰੱਬ ਦਾ ਖੋਜ ਖੁਰਾ ਨਾ ਲੱਭਾ, ਸਜਦੇ ਕਰ ਕਰ ਹਾਰੇ।**
**ਰੱਬ ਤੇ ਤੇਰੇ ਅੰਦਰ ਵੱਸਦਾ, ਇਕ ਵਿਚ ਕੁਰਾਨ ਇਸ਼ਾਰੇ।**
**ਬੁੱਲ੍ਹੇ ਸ਼ਾਹ ਰੱਬ ਉਹਨੂੰ ਮਿਲਦਾ, ਜਿਹੜਾ ਯਾਰ ਤੋਂ ਤਨ ਮਨ ਵਾਰੇ।**

*

**ਪੰਜੇ ਵਖਤ ਨਮਾਜ਼ਾਂ ਪੜ੍ਹੀਆ, ਤੈਨੂੰ ਲੋਕੀਂ ਆਖਣ ਨਮਾਜ਼ੀ।**
**ਜੰਗ ਕਰਕੇ ਮੁੜ ਜਿੱਤ ਘਰ ਆਇਉ, ਤੈਨੂੰ ਲੋਕੀਂ ਆਖਣ ਗਾਜ਼ੀ।**
**ਚੜ ਇਨਸਾਫ਼ ਦੀ ਕੁਰਸੀ ਬੈਠੋਂ, ਤੈਨੂੰ ਲੋਕੀਂ ਆਖਣ ਕਾਜ਼ੀ।**
**ਬੁੱਲ੍ਹੇ ਸ਼ਾਹ ਤੂੰ ਕੁਝ ਵੀ ਨੀ ਖੱਟਿਆ, ਜੇ ਤੂੰ ਯਾਰ ਨਾ ਕੀਤਾ ਰਾਜ਼ੀ।**

*

**ਜੇ ਮੈਂ ਤੈਨੂੰ ਬਾਹਰ ਢੂੰਡਾ ਤੇ ਮੇਰੇ ਅੰਦਰ ਕੌਣ ਸਮਾਣਾ।**
**ਜੇ ਮੈਂ ਤੈਨੂੰ ਅੰਦਰ ਢੂੰਡਾ, ਫਿਰ ਮੱਕੇ ਕੀ ਜਾਣਾ।**
**ਸਭ ਕੁੱਝ ਤੂੰ ਏ ਤੇ ਸਭ ਵਿਚ ਤੂੰ ਏ, ਮੈਂ ਤੈਨੂੰ ਸਭ ਤੋਂ ਪਾਕ ਪਛਾਣਾਂ।**
**ਮੈਂ ਵੀ ਤੂੰ ਏ ਤੂੰ ਵੀ ਤੂੰ ਏ, ਐਥੇ ਬੁੱਲ੍ਹਾ ਕੌਣ ਨਿਮਾਣਾ।**

*

**ਤੂੰ ਵਾਰ ਦੇ ਹਰ ਸ਼ੈ ਯਾਰ ਆਪਣੇ ਤੋਂ, ਜੇ ਜਿੱਤਣੀ ਇਸ਼ਕ ਦੀ ਬਾਜ਼ੀ।**
**ਤੇਰਾ ਯਾਰ ਕਹੇ ਤੂੰ ਘੁੰਗਰੂ ਪਾ ਲੈ, ਭਾਵੇ ਫਤਵੇ ਲਾਵੇ ਕਾਜ਼ੀ।**
**ਬੁੱਲ੍ਹੇ ਸ਼ਾਹ ਜੱਗ ਰੁੱਸਦਾ ਰੁੱਸ ਜਾਵੇ, ਪਰ ਅਸਾਂ ਯਾਰ ਨੂੰ ਰੱਖਣਾ ਰਾਜ਼ੀ।**

*

**ਪੜ ਪੜ ਇਲਮ ਕਿਤਾਬਾਂ ਸਭੇ, ਨਾਮ ਰਖਾ ਲਿਆ ਕਾਜ਼ੀ।**
**ਫੜ ਤਲਵਾਰ ਦਿਲਾਵਰ ਬਣਿਓ, ਨਾਮ ਰਖਾ ਲਿਆ ਗਾਜ਼ੀ।**
**ਮੱਕੇ ਜਾ ਜਾ ਹੱਜ ਗੁਜ਼ਾਰੇ, ਨਾਮ ਰਖਾ ਲਿਆ ਹਾਜੀ।**
**ਬੁੱਲ੍ਹੇ ਸ਼ਾਹ ਤੂੰ ਕੁਝ ਵੀ ਨੀ ਬਣਿਆ, ਜੇ ਤੂੰ ਯਾਰ ਨਾ ਕੀਤਾ ਰਾਜ਼ੀ।**

*

**ਹੱਦ ਟੱਪੇ ਔਲੀਆ, ਬੇਹੱਦ ਟੱਪੇ ਪੀਰ।**
**ਹੱਦ ਬੇਹੱਦ ਦੋਵੇਂ ਟੱਪੇ, ਉਹਨੂੰ ਕਹਿਣ ਫ਼ਕੀਰ।**

*ਪੰਜਾਬੀ ਜਗਤ ਦੇ ਇਸ ਮਹਾਨ ਸੂਫ਼ੀ ਫਕੀਰ ਕਵੀ ਨੂੰ ਮੇਰਾ ਕੋਟਿਨ ਕੋਟਿ ਸਲਾਮ !*

**ਰੱਬ ਰਾਖਾ**

# ਗਿਆਨ ਦੇ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਡਾ. ਜਗਜੀਤ ਸਿੰਘ ਮਾਨ


**"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਜੁਗੋ ਜੁਗ ਅਟੱਲ ਗੁਰੂ' ਦਾ ਦਰਜਾ ਦਿੰਦਿਆਂ, ਇਸ ਵਿੱਚ ਅੰਕਿਤ 36 ਮਹਾਂਪੁਰਖਾਂ ਦੀ ਅੰਮ੍ਰਿਤਮਈ ਬਾਣੀ ਨੂੰ 'ਗੁਰਬਾਣੀ' ਦਾ ਦਰਜਾ ਦਿੱਤਾ ਅਤੇ 36 ਮਹਾਂਪੁਰਖਾਂ ਨੂੰ ਇੱਕੋ ਜਿਹਾ ਸਤਿਕਾਰ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਗੁਰਬਾਣੀ ਤੋਂ ਸਿੱਖਿਆ ਲੈ ਕੇ ਗਿਆਨ ਪ੍ਰਾਪਤ ਕਰਕੇ ਜੀਵਨ ਸਫਲ ਕਰਨ ਲਈ ਹੁਕਮ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਤੋਂ ਬਾਅਦ ਗੁਰਬਾਣੀ ਨੂੰ ਭਗਤ ਬਾਣੀ ਜਾਂ ਭੱਟ ਬਾਣੀ ਦੇ ਰੂਪ ਵਿੱਚ ਵੰਡਣਾ ਕਦਾਚਿਤ ਉਚਿਤ ਨਹੀਂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਅੰਮ੍ਰਿਤਮਈ ਬਾਣੀ 'ਗੁਰਬਾਣੀ' ਹੈ ਅਤੇ ਇਨ੍ਹਾਂ ਦੇ ਰਚੇਤੇ ਮਹਾਂਪੁਰਖਾਂ ਨੂੰ ਕਿਸੇ ਜਾਤ-ਪਾਤ, ਇਲਾਕੇ ਜਾਂ ਵਰਣ-ਵੰਡ ਦੇ ਨਾਂ ਤੇ ਉੱਚੇ-ਨੀਵੇਂ ਦੱਸਣਾ ਅਤੇ ਭਗਤ ਜਾਂ ਗੁਰੂ ਦੇ ਰੂਪ ਵਿੱਚ ਵੰਡੀਆਂ ਪਾਉਣਾ ਗੁਰੂ-ਆਸ਼ੇ ਦੇ ਅਨੁਕੂਲ ਨਹੀਂ। ਸਾਰੇ ਭਾਈਚਾਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਨੁਮਾਈ ਅਤੇ ਰੂਹਾਨੀ ਅਗਵਾਈ ਵਿੱਚ ਜੋੜਣਾ ਅਤੇ ਸਦਾ ਲਈ ਜੋੜੀ ਰੱਖਣਾ ਸਿੱਖ ਗੁਰੂ ਸਾਹਿਬਾਨ ਦਾ ਮੰਤਵ ਸੀ।"**

ਭੁੱਲੀ-ਭਟਕੀ ਦੁਨੀਆਂ ਨੂੰ ਸਹੀ ਰਸਤਾ ਦਿਖਾਉਣ ਲਈ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਵਿੱਚ ਫਸੀ ਲੋਕਾਈ ਨੂੰ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਲਈ, ਦੁਲੱਭ ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ, ਗੁਰੂ ਸਾਹਿਬਾਨ ਨੇ ਗਿਆਨ ਦੇ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਨ੍ਹਾਂ ਛੱਤੀ ਮਹਾਂਪੁਰਸ਼ਾਂ ਦੀ ਅੰਮ੍ਰਿਤਮਈ ਬਾਣੀ ਦਰਜ ਕੀਤੀ ਗਈ ਹੈ, ਜੋ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਹੀ ਬਚਨ ਸਨ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, "**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥**" ਇਸ ਅੰਮ੍ਰਿਤਮਈ ਬਾਣੀ ਵਿੱਚ ਹਰ ਇੱਕ ਪ੍ਰਾਣੀ ਨੂੰ ਆਪਣਾ ਅਨਮੋਲ ਜੀਵਨ ਸਫਲ ਕਰਨ ਲਈ ਜ਼ਿੰਦਗੀ ਦੇ ਹਰ ਪਹਿਲੂ ਤੋਂ ਸੇਧ ਦਿੱਤੀ ਗਈ ਹੈ।

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰਨ ਸੰਤਾਂ, ਮਹਾਂਪੁਰਸ਼ਾਂ, ਪਰਮਾਤਮਾ ਦੇ ਸੱਚੇ-ਸੁੱਚੇ ਪ੍ਰਭੂ-ਰੂਪ ਹੋ ਚੁੱਕੇ ਭਗਤਾਂ ਪਾਸੋਂ ਇਹ ਅੰਮ੍ਰਿਤਮਈ ਬਾਣੀ ਇਕੱਤਰ ਕੀਤੀ। ਇਸ ਅੰਮ੍ਰਿਤਮਈ ਧੁਰ ਕੀ ਬਾਣੀ ਦੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਲਾਹੀ ਬਾਣੀ ਸ਼ਾਮਲ ਕਰਕੇ ਸਾਰੀ ਬਾਣੀ ਨੂੰ ਪੋਥੀ ਸਾਹਿਬ ਦਾ ਰੂਪ ਦਿੱਤਾ। ਇਹ ਪੋਥੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਪੋਥੀ ਸਾਹਿਬ ਵਿੱਚ ਆਪਣੀ ਇਲਾਹੀ ਬਾਣੀ ਦਰਜ ਕਰਕੇ ਪੋਥੀ ਸਾਹਿਬ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪੀ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਨੂਰੀ ਬਾਣੀ ਪੋਥੀ ਸਾਹਿਬ ਵਿੱਚ ਦਰਜ ਕਰਕੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਸੌਂਪੀ। ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਅੰਮ੍ਰਿਤਮਈ ਬਾਣੀ ਇਸ ਪੋਥੀ ਵਿੱਚ ਅੰਕਿਤ ਕਰਕੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਹ ਪੋਥੀ ਸਾਹਿਬ ਸੌਂਪੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਇਕੱਤਰ ਕੀਤੀ ਅੰਮ੍ਰਿਤਮਈ ਬਾਣੀ ਅਤੇ ਆਪਣੀ ਉਚਾਰਨ ਕੀਤੀ ਧੁਰ ਕੀ ਬਾਣੀ ਨੂੰ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕੱਤਰ ਕਰਕੇ ਵਾਹਿਗੁਰੂ ਦੇ ਨਾਮ ਦਾ ਜਹਾਜ ਤਿਆਰ ਕੀਤਾ।

ਭਾਈ ਗੁਰਦਾਸ ਜੀ, ਜੋ ਕਿ ਰਿਸ਼ੇਤਦਾਰੀ ਵਿੱਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ, ਉਸ ਸਮੇਂ ਦੇ ਮਹਾਨ ਲਿਖਾਰੀ ਤੇ ਫਿਲਾਸਫਰ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪਵਿੱਤਰ ਗ੍ਰੰਥ ਸਾਹਿਬ ਲਿਖਣ ਦੀ ਜ਼ਿੰਮੇਵਾਰੀ ਸੌਂਪੀ। ਸਿੱਖ ਗੁਰੂ ਸਾਹਿਬਾਨ ਦੀ ਬਾਣੀ 'ਨਾਨਕ' ਨਾਮ ਨਾਲ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਮਹਲਾ ਚੌਥਾ ਅਤੇ ਮਹਲਾ ਪੰਜਵਾਂ ਦੇ ਸਿਰਲੇਖ ਹੇਠ ਦਰਜ ਕੀਤੀ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਮਈ ਬਾਣੀ ਲਿਖਾਈ ਅਤੇ ਭਾਈ ਗੁਰਦਾਸ ਜੀ ਨੇ ਲਿਖੀ। ਪਵਿੱਤਰ ਆਦਿ ਗ੍ਰੰਥ ਤਿਆਰ ਕਰਨ ਲਈ ਤਕਰੀਬਨ ਇੱਕ ਸਾਲ ਲੱਗਾ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 30 ਅਗਸਤ 1604 ਈ. ਨੂੰ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਥਾਪਿਆ ਗਿਆ।

ਇਹ ਪਵਿੱਤਰ ਆਦਿ ਗ੍ਰੰਥ ਅੱਜ ਤੱਕ ਸੋਢੀ ਖਾਨਦਾਨ ਦੇ ਧੀਰ ਮਲ ਦੇ ਉਤਰਾਧਿਕਾਰੀਆਂ ਕੋਲ ਕਰਤਾਰਪੁਰ ਵਿੱਚ ਹਿਫਾਜ਼ਤ ਨਾਲ ਪਿਆ ਹੈ, ਜਿਸ ਉੱਤੇ ਵਧੀਆ ਚਮੜੇ ਦੀ ਜਿਲਦ ਚੜ੍ਹੀ ਹੋਈ ਹੈ। ਉਸ ਵੇਲੇ ਸਭ ਸੰਗਤਾਂ ਪਵਿੱਤਰ ਆਦਿ ਗ੍ਰੰਥ ਦੀ ਬੀੜ ਤੋਂ ਸਿੱਖਿਆ ਲਿਆ ਕਰਦੀਆਂ ਸਨ ਅਤੇ ਖੁਸ਼ੀ-ਗਮੀ ਦੇ ਮੌਕਿਆਂ ਤੇ ਆਦਿ ਗ੍ਰੰਥ ਵਿੱਚੋਂ ਪਾਠ ਕਰਵਾਇਆ ਕਰਦੀਆਂ ਸਨ। ਉਸ ਵੇਲੇ ਅਜੇ ਗ੍ਰੰਥ ਸਾਹਿਬ ਨਾਲ 'ਗੁਰੂ' ਸ਼ਬਦ ਨਹੀਂ ਸੀ




ਲੱਗਾ, ਭਾਵ ਗ੍ਰੰਥ ਸਾਹਿਬ ਨੂੰ 'ਗੁਰੂ' ਦੀ ਪਦਵੀ ਨਹੀਂ ਸੀ ਦਿੱਤੀ ਗਈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਉਪ੍ਰੰਤ ਸਰਬਤ ਸ਼ਹੀਦਾਂ ਨਮਿਤ ਸ੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣ ਦਾ ਵਿਚਾਰ ਬਣਾਇਆ। ਆਪ ਜੀ ਨੇ ਕੁਝ ਸਿੰਘਾਂ ਨੂੰ ਕਰਤਾਰਪੁਰ ਭੇਜਿਆ ਕਿ ਉਹ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਆਉਣ। ਧੀਰ ਮਲ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਸਿੰਘਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬੋਲ-ਕੁਬੋਲ ਵੀ ਬੋਲੇ। ਇਹ ਵੀ ਮਿਹਣਾ ਮਾਰਿਆ ਕਿ ਜੇ ਤੁਹਾਡਾ ਗੁਰੂ ਪੂਰਾ ਹੈ ਤਾਂ ਆਪ ਗ੍ਰੰਥ ਲਿਖ ਲਵੇ। ਧੀਰਮਲ ਦਾ ਕੋਰਾ ਜਵਾਬ ਆਉਣ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਾਉਣ ਦਾ ਕਾਰਜ ਆਰੰਭਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਧੁਰ ਕੀ ਅੰਮ੍ਰਿਤਮਈ ਬਾਣੀ ਲਿਖਾਈ ਜਾਂਦੇ ਅਤੇ ਭਾਈ ਮਨੀ ਸਿੰਘ ਜੀ ਲਿਖੀ ਜਾਂਦੇ। ਸਾਰੀ ਬਾਣੀ ਦੇ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜਿਸ ਰਾਗ ਵਿੱਚ ਰਚੀ ਗਈ ਸੀ, ਉਸੇ ਰਾਗ ਵਿੱਚ ਦਰਜ ਕੀਤੀ। ਤਕਰੀਬਨ ਛੇ ਮਹੀਨੇ ਦੇ ਅਰਸੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬੀੜ ਲਿਖਵਾਈ। ਸਾਬੋ ਕੀ ਤਲਵੰਡੀ ਵਿਖੇ ਇਹ ਬੀੜ ਲਿਖਵਾਈ ਗਈ ਅਤੇ ਗੁਰੂ ਸਹਿਬ ਨੇ ਇਸ ਨਗਰੀ ਦਾ ਨਾਂ 'ਗੁਰੂ ਕੀ ਕਾਂਸ਼ੀ' ਰੱਖਿਆ। ਇੱਥੇ ਇਤਿਹਾਸਿਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਹੈ, ਇਸ ਅਸਥਾਨ ਨੂੰ ਸਿੱਖ ਪੰਥ ਦਾ ਪੰਜਵਾਂ ਤਖਤ ਮੰਨਿਆ ਜਾਂਦਾ ਹੈ। ਗੁਰੂ ਕੀ ਕਾਂਸ਼ੀ ਵਿੱਚ ਸਤਿਗੁਰੂ ਜੀ ਨੇ ਲੱਗਭਗ ਗਿਆਰਾਂ ਮਹੀਨੇ ਨਿਵਾਸ ਰੱਖਿਆ ਅਤੇ ਸ੍ਰੀ ਗ੍ਰੰਥ ਸਾਹਿਬ ਲਿਖਵਾਉਣ ਦਾ ਕਾਰਜ ਸੰਪੂਰਨ ਕੀਤਾ। ਭਾਵੇਂ ਗੁਰੂ ਸਾਹਿਬਾਨ ਆਪਣੇ ਤੋਂ ਵੱਧ ਅਦਬ ਸ਼ਬਦ, ਬਾਣੀ ਅਤੇ ਪੋਥੀ ਸਾਹਿਬ ਨੂੰ ਦਿੰਦੇ ਸਨ, ਪਰ ਗ੍ਰੰਥ ਸਾਹਿਬ ਨਾਲ 'ਗੁਰੂ' ਸ਼ਬਦ 7 ਅਕਤੂਬਰ 1780 ਈ. ਤੋਂ ਲਾਉਣਾ ਆਰੰਭ ਹੋਇਆ, ਜਦੋਂ ਅਬਚਲ ਨਗਰ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ-ਗੱਦੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਤੇ ਨਾਰੀਅਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਭੇਟ ਰੱਖ ਮੱਥਾ ਟੇਕਿਆ। ਸਰਬੱਤ ਸੰਗਤ ਨੂੰ ਕਿਹਾ ਕਿ ਅੱਜ ਤੋਂ ਹੁਕਮ ਹੈ, ਮੇਰੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋ ਗੁਰੂ ਜਾਨਣਾ, ਜੋ ਸਿੱਖ ਜਾਨੇਗਾ ਉਸ ਕੀ ਘਾਲ ਥਾਇ ਪਏਗੀ। ਗੁਰੂ ਤਿਸ ਕੀ ਬਹੁੜੀ ਕਰੇਗਾ, ਸਤ ਕਰ ਮੰਨਣਾ।

ਜਦ ਵਾਕ ਲਿਆ ਤਾਂ ਮਾਰੂ ਰਾਗ ਵਿੱਚੋਂ ਪੰਜਵੇਂ ਪਾਤਿਸ਼ਾਹ ਦਾ ਹੁਕਮ ਆਇਆ : ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ, ਕੀਰਤਨੁ ਹਰਿ ਹਰਿ ਗਾਈ॥ ਸ੍ਰਮੁ ਥਾਕਾ ਪਾਏ ਬਿਸ੍ਰਾਮਾ, ਮਿਟਿ ਗਈ ਸਗਲੀ ਧਾਈ॥ ਅਬ ਮੋਹਿ ਜੀਵਨ ਪਦਵੀ ਪਾਈ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ, ਸੰਤਨ ਕੀ ਸਰਣਾਈ॥ ਰਹਾਉ॥ ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ, ਨਿਵਰੇ ਸਗਲ ਬੈਰਾਈ॥ ਸਦ ਹਜੂਰਿ ਹਾਜਰੁ ਹੈ ਨਾਜਰੁ, ਕਤਹਿ ਨ ਭਇਓ ਦੂਰਾਈ॥ ਸੁਖ ਸੀਤਲ ਸਰਧਾ ਸਭ ਪੂਰੀ, ਹੋਇ ਸੰਤ ਸਹਾਈ॥ ਪਾਵਨ ਪਤਿਤ ਕੀਏ ਖਿਨ ਭੀਤਰਿ, ਮਹਿਮਾ ਕਥਨੁ ਨ ਜਾਈ॥ ਨਿਰਭਉ ਭਏ ਸਗਲ ਭੈ ਖੋਏ, ਗੋਬਿੰਦ ਚਰਣ ਓਟਾਈ॥ ਨਾਨਕੁ ਜਸ ਗਾਵੈ ਠਾਕੁਰ ਕਾ, ਰੈਣਿ ਦਿਨਸੁ ਲਿਵ ਲਾਈ॥

ਕਲਗੀਧਰ ਪਾਤਿਸ਼ਾਹ ਦੇ ਹੁਕਮ ਨੂੰ ਭਾਈ ਗਿਆਨ ਸਿੰਘ ਨੇ ਇਉਂ ਅੰਕਿਤ ਕੀਤਾ :

**"ਆਗਯਾ ਭਈ ਅਕਾਲ ਕੀ, ਤਬੈ ਚਲਾਯੋ ਪੰਥ।**
**ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਯੋ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੇ ਲੇ।"**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਵਾਈ ਅਤੇ ਭਾਈ ਮਨੀ ਸਿੰਘ ਜੀ ਵੱਲੋਂ ਲਿਖੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਇਸੇ ਦਮਦਮੀ ਬੀੜ ਦੇ ਉਤਾਰੇ ਨੂੰ ਗੁਰਗੱਦੀ ਦਿੱਤੀ ਗਈ। ਇਸੇ ਬੀੜ ਦੇ ਉਤਾਰੇ ਨੂੰ 'ਸ਼ਬਦ ਗੁਰੂ' ਮੰਨਣ ਦੇ ਹੁਕਮ ਹੋਏ। ਇਸੇ ਹੀ ਸ਼ਬਦ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹੋਰ ਰੂਪ ਛਪ ਕੇ ਤਿਆਰ ਹੋਏ ਅਤੇ ਅੱਜ ਕੱਲ੍ਹ ਇਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਭ ਸੰਗਤਾਂ ਵਿੱਚ ਪ੍ਰਚਲਤ ਹਨ।

ਇਸ ਸੰਸਾਰ ਵਿੱਚ 36 ਪਦਾਰਥ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਐਸੇ ਰੂਹਾਨੀ ਥਾਲ ਵਾਂਗ ਪਰੋਸਿਆ ਗਿਆ, ਜਿਸ ਵਿੱਚ 36 ਪਦਾਰਥਾਂ ਵਾਂਗ 36 ਮਹਾਂਪੁਰਖਾਂ ਦੀ ਬਾਣੀ ਹੈ। ਇਹ ਪ੍ਰਭੂ-ਰੂਪ ਮਹਾਂਪੁਰਖ ਨਿਮਨਲਿਖਤ ਹਨ :

**6 ਸਿੱਖ ਗੁਰੂ ਸਾਹਿਬਾਨ** : ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ।

**15 ਪ੍ਰਭੂ-ਭਗਤ** : ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਤਿਰਲੋਚਨ ਜੀ, ਭਗਤ ਧੰਨਾ ਜੀ, ਭਗਤ ਸੈਨ ਜੀ, ਭਗਤ ਜੈਦੇਵ ਜੀ, ਭਗਤ ਪੀਪਾ ਜੀ, ਭਗਤ ਸੂਰਦਾਸ ਜੀ, ਬਾਬਾ ਫਰੀਦ ਜੀ, ਭਗਤ ਪ੍ਰਮਾਨੰਦ ਜੀ, ਭਗਤ ਸਧਨਾ ਜੀ, ਭਗਤ ਬੇਣੀ ਜੀ, ਭਗਤ ਰਾਮਾਨੰਦ ਜੀ, ਭਗਤ ਭੀਖਨ ਜੀ।

**11 ਭੱਟ** : ਕਲਸਹਾਰ ਜੀ, ਜਾਲਪ ਜੀ, ਕੀਰਤ ਜੀ, ਭਿਖਾ ਜੀ, ਸਲ ਜੀ, ਭਲ ਜੀ, ਨਲ ਜੀ, ਗਯੰਦ ਜੀ, ਮਥੁਰਾ ਜੀ, ਬਲ ਜੀ, ਹਰਿਬੰਦ ਜੀ।

**4 ਗੁਰਸਿੱਖ** : ਬਾਬਾ ਸੁੰਦਰ ਜੀ, ਭਾਈ ਮਰਦਾਨਾ ਜੀ, ਰਬਾਬੀ ਸਤੈ ਡੂਮਿ ਜੀ ਅਤੇ ਰਾਇ ਬਲਵੰਡ ਜੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ '**ਜੁਗੋ ਜੁਗ ਅਟੱਲ ਗੁਰੂ**' ਦਾ ਦਰਜਾ ਦਿੰਦਿਆਂ, ਇਸ ਵਿੱਚ ਅੰਕਿਤ 36 ਮਹਾਂਪੁਰਖਾਂ ਦੀ ਅੰਮ੍ਰਿਤਮਈ ਬਾਣੀ ਨੂੰ 'ਗੁਰਬਾਣੀ' ਦਾ ਦਰਜਾ ਦਿੱਤਾ ਅਤੇ 36 ਮਹਾਂਪੁਰਖਾਂ ਨੂੰ ਇੱਕੋ ਜਿਹਾ ਸਤਿਕਾਰ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਗੁਰਬਾਣੀ ਤੋਂ ਸਿੱਖਿਆ ਲੈ ਕੇ ਗਿਆਨ ਪ੍ਰਾਪਤ ਕਰਕੇ ਜੀਵਨ ਸਫਲ ਕਰਨ ਲਈ ਹੁਕਮ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਤੋਂ ਬਾਅਦ ਗੁਰਬਾਣੀ ਨੂੰ ਭਗਤ ਬਾਣੀ ਜਾਂ ਭੱਟ ਬਾਣੀ ਦੇ ਰੂਪ ਵਿੱਚ ਵੰਡਣਾ ਕਦਾਚਿਤ ਉਚਿਤ ਨਹੀਂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਅੰਮ੍ਰਿਤਮਈ ਬਾਣੀ 'ਗੁਰਬਾਣੀ' ਹੈ ਅਤੇ ਇਨ੍ਹਾਂ ਦੇ ਰਚੇਤੇ ਮਹਾਂਪੁਰਖਾਂ ਨੂੰ ਕਿਸੇ ਜਾਤ-ਪਾਤ, ਇਲਾਕੇ ਜਾਂ ਵਰਣ-ਵੰਡ ਦੇ ਨਾਂ ਤੇ ਉੱਚੇ-ਨੀਵੇਂ ਦੱਸਣਾ ਅਤੇ ਭਗਤ ਜਾਂ ਗੁਰੂ ਦੇ ਰੂਪ ਵਿੱਚ ਵੰਡੀਆਂ ਪਾਉਣਾ ਗੁਰੂ-ਆਸ਼ੇ ਦੇ ਅਨੁਕੂਲ ਨਹੀਂ। ਸਾਰੇ ਭਾਈਚਾਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਨੁਮਾਈ ਅਤੇ ਰੂਹਾਨੀ ਅਗਵਾਈ ਵਿੱਚ ਜੋੜਨਾ ਅਤੇ ਸਦਾ ਲਈ ਜੋੜੀ ਰੱਖਣਾ ਸਿੱਖ ਗੁਰੂ ਸਾਹਿਬਾਨ ਦਾ ਮੰਤਵ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਹੀ ਗੁਰਬਾਣੀ ਸਮੁੱਚੀ ਮਨੁੱਖਤਾ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਲਈ ਹੈ। ਇਹ ਕਿਸੇ ਇੱਕ ਖਾਸ ਵਰਗ ਲਈ ਨਹੀਂ। ਸਾਰੀ ਗੁਰਬਾਣੀ ਅੰਮ੍ਰਿਤ ਰੂਪ ਹੈ ਅਤੇ ਜੋ ਵੀ ਪ੍ਰਾਣੀ ਇਸ ਉੱਤੇ ਸ਼ਰਧਾ ਧਾਰਦਾ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਤਰ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 982 ਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ : "**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥**" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਦੁਨੀਆਂ ਲਈ ਗਿਆਨ ਦਾ ਸਾਗਰ ਹੈ ਅਤੇ ਹਰ ਪ੍ਰਾਣੀ ਲਈ ਗਿਆਨ ਪ੍ਰਾਪਤ ਕਰਨ ਦਾ ਸੋਮਾ ਹੈ। ਸਾਗਰ ਦੇ ਗਹਿਰੇ ਤਲ ਵਿੱਚ ਹੀਰੇ-ਮੋਤੀ ਹੁੰਦੇ ਹਨ, ਤੱਟ ਉੱਤੇ ਘੋਗੇ-ਸਿੱਪੀਆਂ ਕੰਕਰ-ਪੱਥਰ ਅਤੇ ਸਤਹਿ ਉੱਤੇ ਲਹਿਰਾਂ ਹੁੰਦੀਆਂ ਹਨ। ਤੱਟ ਨੂੰ ਛੱਡ ਕੇ, ਲਹਿਰਾਂ ਨੂੰ ਚੀਰ ਕੇ ਸਾਗਰ ਦੀ ਡੂੰਘਾਈ ਵਿੱਚ ਜਾਇਆਂ ਹੀ ਹੀਰੇ ਮੋਤੀ ਪ੍ਰਾਪਤ ਹੋ ਸਕਦੇ ਹਨ। ਇਵੇਂ ਹੀ ਦਿਖਾਵੇ-ਪਾਖੰਡ ਦੀਆਂ ਚਤੁਰਾਈਆਂ ਦੇ ਤਲ ਨੂੰ ਛੱਡ ਕੇ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਅਤੇ ਤ੍ਰਿਸ਼ਨਾ ਦੀਆਂ ਲਹਿਰਾਂ ਨੂੰ ਚੀਰ ਕੇ ਸੱਚੀ ਪ੍ਰੀਤ, ਅਥਾਹ ਸ਼ਰਧਾ ਅਤੇ ਦ੍ਰਿੜ ਵਿਸ਼ਵਾਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਡੂੰਘਾਈ ਨਾਲ ਵਿਚਾਰਿਆ ਗਿਆਨ ਦੇ ਅਨਮੋਲ ਹੀਰੇ ਪ੍ਰਾਪਤ ਹੁੰਦੇ ਹਨ। ਆਤਮ-ਰਸ ਅਤੇ ਸੱਚ ਦੀ ਪ੍ਰਾਪਤੀ ਹੁੰਦੀ ਹੈ।


ਸੱਚ ਕੀ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੱਸਿਆ ਗਿਆ ਹੈ ਕਿ ਸੱਚ ਕੇਵਲ ਪਰਮਾਤਮਾ ਅਤੇ ਉਸ ਦਾ ਨਾਮ ਹੈ। ਬ੍ਰਹਿਮੰਡ ਦਾ ਮੁੱਢ ਪਰਮਾਤਮਾ ਹੈ, ਉਹ ਬ੍ਰਹਿਮੰਡ ਦੀ ਹੋਂਦ ਤੋਂ ਪਹਿਲਾਂ ਵੀ ਸੀ, ਆਰੰਭ ਵਿੱਚ ਵੀ ਸੀ, ਹੁਣ ਵੀ ਹੈ ਅਤੇ ਅਗਾਂਹ ਵੀ ਹੋਵੇਗਾ। ਗੁਰਬਾਣੀ ਦਾ ਫੁਰਮਾਨ ਹੈ, "**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**" ਵੱਖ-ਵੱਖ ਇਲਾਕਿਆਂ ਦੇ ਲੋਕ, ਵੱਖ-ਵੱਖ ਧਰਮਾਂ ਦੇ ਮਹਾਂਪੁਰਖ ਉਸ ਨੂੰ ਵੱਖ-ਵੱਖ ਨਾਵਾਂ ਨਾਲ ਪੁਕਾਰਦੇ ਹਨ, ਪਰ ਹੈ ਉਹ ਇੱਕ ਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 885 'ਤੇ ਪੰਜਵੇਂ ਪਾਤਸ਼ਾਹ ਦਾ ਫੁਰਮਾਨ ਹੈ, "**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆਂ ਕੋਈ ਅਲਾਹਿ ॥ ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥**" ਸ੍ਰੀ ਗ੍ਰੰਥ ਸਾਹਿਬ ਜੀ ਵਿੱਚ ਪਰਮਾਤਮਾ ਦੇ ਸਰੂਪ ਦਾ ਵਰਨਣ ਕਰਦਿਆਂ ਫੁਰਮਾਇਆ ਗਿਆ ਹੈ, "**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥**" ਭਾਵ ਕਿ ਉਹ ਪਰਮਾਤਮਾ ਆਪ ਹੀ ਸਭ ਰੂਪਾਂ ਵਾਲਾ ਹੈ, ਰੂਪ ਰਹਿਤ ਵੀ ਹੈ, ਅਕਾਰ ਰਹਿਤ ਵੀ ਹੈ, ਸੁੰਨ-ਸਮਾਧੀ ਵਿੱਚ ਵੀ ਆਪ ਵਰਤਦਾ ਸੀ ਅਤੇ ਸਾਰਾ ਪਸਾਰਾ ਵੀ ਉਸੇ ਦਾ ਹੈ। ਇਵੇਂ ਹੀ ਪ੍ਰਭੂ ਦੇ ਨਿਵਾਸ ਬਾਰੇ ਗੁਰਬਾਣੀ ਨੇ ਬੜਾ ਸਪੱਸ਼ਟ ਆਖਿਆ ਹੈ ਕਿ ਉਹ ਹਰ ਥਾਂ, ਹਰ ਪਲ ਵਰਤ-ਵਿਚਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 684 ਤੇ ਨੌਂਵੇਂ ਪਾਤਸ਼ਾਹ ਦਾ ਫੁਰਮਾਨ ਹੈ, "**ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰ ਘਟ ਹੀ ਖੋਜੋ ਭਾਈ ॥**" ਜਿਵੇਂ ਫੁੱਲ ਵਿੱਚ ਸੁਗੰਧੀ ਵਸਦੀ ਹੈ, ਜਿਵੇਂ ਸ਼ੀਸ਼ੇ ਵਿੱਚ ਅਕਸ ਦਿੱਸਦਾ ਹੈ, ਤਿਵੇਂ ਪਰਮਾਤਮਾ ਸਭਨਾਂ ਅੰਦਰ ਵਸਦਾ ਹੈ। ਪਰਮਾਤਮਾ ਕਿਤਨਾ ਕੁ ਨੇੜੇ ਹੈ, ਇਸ ਬਾਰੇ ਗੁਰਬਾਣੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦਾ ਫੁਰਮਾਨ ਹੈ, "**ਸਰਬੇ ਏਕੁ ਅਨੇਕੈ ਸੁਆਮੀ, ਸਭ ਘਟ ਭੋੁਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੁ ਹੋਈ ॥**" ਸਭਨਾਂ ਵਿੱਚ ਵੱਸਣ ਵਾਲੇ ਪ੍ਰਭੂ ਨੂੰ ਕਿਵੇਂ ਪਾਇਆ ਜਾ ਸਕਦਾ ਹੈ? ਗੁਰਬਾਣੀ ਨੇ ਅਗਵਾਈ ਦਿੱਤੀ ਹੈ ਕਿ ਪ੍ਰਭੂ ਨੂੰ ਆਪਣੇ ਹੀ ਅੰਤਰ-ਆਤਮੇ ਵਿੱਚੋਂ ਖੋਜਣਾ ਚਾਹੀਦਾ ਹੈ। ਫੁਰਮਾਨ ਹੈ, "**ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥**"

ਗੁਰਬਾਣੀ ਨੇ ਵਾਰ-ਵਾਰ ਮਨੁੱਖ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਨੇ 'ਸੱਚ' ਨੂੰ ਪਾਉਣਾ ਹੈ ਤਾਂ ਬਾਹਰਲੇ ਭੇਖਾਂ-ਪਾਖੰਡਾਂ ਨੂੰ ਤਿਆਗ ਕੇ ਅੰਦਰੋਂ ਹਿਰਦੇ ਤੋਂ ਸੱਚੇ ਹੋਣਾ ਪਵੇਗਾ। 'ਆਸਾ ਜੀ ਦੀ ਵਾਰ' ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ, "**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥**"

ਸੱਚ ਤਾਂ ਇਹ ਹੈ ਕਿ ਜੋ ਪ੍ਰਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿੱਚ ਆ ਕੇ ਗੁਰਬਾਣੀ ਨੂੰ ਸ਼ਰਧਾ ਨਾਲ ਵਿਚਾਰੇਗਾ, ਉਸ ਤੇ ਨਿਸਚਾ ਲਿਆਵੇਗਾ, ਤਨੋਂ-ਮਨੋ ਗੁਰਬਾਣੀ ਦੀ ਸਿੱਖਿਆ ਨੂੰ ਮੰਨੇਗਾ, ਉਸ ਅਨੁਸਾਰ ਆਪਣਾ ਜੀਵਨ ਢਾਲੇਗਾ, ਉਹ ਪ੍ਰਾਣੀ ਭਵਜਲ ਤੋਂ ਪਾਰ ਉਤਰ ਕੇ ਮੁਕਤ ਹੋਵੇਗਾ। ਗੁਰੂ ਕੀ ਸ਼ਰਨ ਵਿੱਚ ਆਉਣ ਵਾਲੇ ਪ੍ਰਾਣੀ ਦਾ ਲੋਕ ਸੁਖੀ ਅਤੇ ਪਰਲੋਕ ਸੁਹੇਲਾ ਹੁੰਦਾ ਹੈ।

ਕਿਸ਼ਤ-20

# ਗੁਰ ਸਾਗਰ ਦੇ ਸੁੱਚੇ ਮੋਤੀ



ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ
ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ 'ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ 'ਚੋਂ ਪ੍ਰਾਪਤ ਕਰ ਸਕਦੇ ਹਨ।

ਸੰਪਾਦਕ

## ਮੱਖਣ ਸ਼ਾਹ ਦਾ ਨਿਸ਼ਚਾ ਤੇ ਬੇਨਤੀ

ਕਮਾਲ ਹੈ ਮੱਖਣ ਸ਼ਾਹ ਦਾ ਨਿਸ਼ਚਾ। ਮੱਖਣ ਸ਼ਾਹ ਨੇ ਸਤਿਗੁਰਾਂ ਦੇ ਬੜੇ ਪਿਆਰ ਨਾਲ ਬਚਨ ਸੁਣੇ। ਦੋਵੇਂ ਹੱਥ ਜੋੜੇ। ਬੜੇ ਪਿਆਰ ਨਾਲ, ਬੜੀ ਨਿਮਰਤਾ ਨਾਲ, ਬੜੀ ਮਿੱਠੀ ਜ਼ਬਾਨ ਨਾਲ ਬੇਨਤੀ ਕੀਤੀ-ਸਤਿਗੁਰੂ ਜੀ! ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਕੀਤੇ ਬਚਨ ਕਿ ਆਪੇ ਬਣੇ "ਬਾਬਾ ਬਕਾਲੇ" ਤੇ ਨਿਸ਼ਚਾ ਕਰਕੇ ਸਿੱਖ ਇੱਥੇ ਆਂਵਦੇ ਹਨ ਤੇ ਆਪਣੇ ਬੜੇ ਗੁਰੂ ਸੋਢੀਆਂ ਪਾਸ ਜਾ ਕੇ ਭੇਟਾ ਕਰਦੇ ਹਨ। ਪਰ ਜੋ ਉਹ ਕਾਮਨਾ ਕਰਦੇ ਹਨ, ਉਹ ਉਨ੍ਹਾਂ ਦੀ ਪੂਰੀ ਨਹੀਂ ਹੁੰਦੀ। ਉਨ੍ਹਾਂ ਦੀ ਸ਼ਰਧਾ ਤੇ ਭਾਰੀ ਸੱਟ ਵੱਜਦੀ ਹੈ। ਅਤੇ ਸਿੱਖੀ ਦੀ ਜੋ ਭਾਰੀ ਮਹਿਮਾ ਹੈ, ਉਸ ਵਿੱਚ ਵੀ ਘਾਟ ਹੁੰਦੀ ਹੈ। ਸੋ ਸਤਿਗੁਰੂ ਜੀ! ਆਪ ਪ੍ਰਗਟ ਹੋ ਕੇ ਸਿੱਖੀ ਦੀ ਮਹਿਮਾ ਵਧਾਉ। ਜੇਕਰ ਤੁਸੀਂ ਕਹੋ ਕਿ ਅਸੀਂ ਇਸੇ ਤਰ੍ਹਾਂ ਹੀ ਰਹਿ ਕੇ ਸਿੱਖਾਂ ਦੀਆਂ ਮਨੋਕਾਮਨਾਂ ਪੂਰੀਆਂ ਕਰਦੇ ਰਹਾਂਗੇ ਤਾਂ ਸਿੱਖਾਂ ਦੀ ਇਹ ਵੀ ਕਾਮਨਾ ਹੈ ਕਿ, ਆਪ ਪ੍ਰਗਟ ਹੋ ਕੇ ਉਨ੍ਹਾਂ ਦੀਆਂ ਮਨੋਕਾਮਨਾਂ ਪੂਰੀਆਂ ਕਰੋ ਤੇ ਸਿੱਖਾਂ ਨੂੰ ਨਿਹਾਲ ਕਰੋ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਬਚਨ ਸੱਚਾ ਕਰ ਵਿਖਾਉ। ਸਭ ਵਿੱਚ ਬੈਠ ਕੇ ਸੰਗਤਾਂ ਨੂੰ ਦਰਸ਼ਨ ਦਿਉ ਤੇ ਪੂਰਨਮਾਸ਼ੀ ਦੇ ਚੰਨ ਵਾਂਗ ਪ੍ਰਗਟ ਹੋਵੋ। ਦੁਸ਼ਟਾਂ ਨੂੰ ਸ਼ਕਤੀ ਨਾ ਵਿਖਾਉਣੀ। ਹਰਖ ਤੇ ਸੋਗ, ਆਦਰ ਤੇ ਨਿਰਾਦਰ, ਸੁੱਖ ਤੇ ਦੁਖ, ਇਨ੍ਹਾਂ ਦਾ ਜੋ ਭਾਰ ਹੈ, ਤੁਹਾਡੀ ਛਾਤੀ ਤੇ ਫੁੱਲਾਂ ਦੇ ਭਾਰ ਵਾਂਗ ਹੈ। ਇਸ ਭਾਰ ਨਾਲ ਤੁਹਾਡੇ ਵੈਰੀਆਂ ਦੇ ਸਿਰ ਦਬ ਜਾਣਗੇ। ਇਸ ਲਈ ਸਤਿਗੁਰ ਜੀ! ਤੁਸੀਂ ਆਪ ਨਵੀਂ ਪੁਸ਼ਾਕ ਪਾ ਕੇ ਬਾਹਰ ਬੈਠੋ ਤੇ ਸਿੱਖ ਸੰਗਤਾਂ ਨੂੰ ਦਰਸ਼ਨ ਦਿਉ।

ਇਸ ਤਰ੍ਹਾਂ ਮੱਖਣ ਸ਼ਾਹ ਨੇ ਬਹੁਤ ਬੇਨਤੀਆਂ ਕੀਤੀਆਂ। ਸਤਿਗੁਰਾਂ ਦੇ ਦਰਸ਼ਨ ਕਰਾਉਣ ਦਾ ਦ੍ਰਿੜ੍ਹ ਇਰਾਦਾ ਮੱਖਣ ਸ਼ਾਹ ਨੇ ਕੀਤਾ ਹੋਇਆ ਸੀ।

## ਸਤਿਗੁਰਾਂ ਦਾ ਪ੍ਰਗਟ ਹੋਣਾ

ਸਤਿਗੁਰ ਆਪਣੇ ਮਨ ਵਿੱਚ ਇਹ ਗੱਲ ਲਿਆਏ ਕਿ ਮੱਖਣ ਸ਼ਾਹ ਦੇ ਸਮੇਤ, ਜੋ ਵੱਡੀ ਇੱਛਾ ਸਿੱਖ ਸੰਗਤਾਂ ਦੀ ਹੈ ਉਹ ਪੂਰੀ ਕਰਨੀ ਹੀ ਪਵੇਗੀ। ਗੁਣਾਂ ਦੀ ਖਾਣ, ਸਤਿਗੁਰੂ ਹੱਸ ਕੇ ਬੋਲੇ ਕਿ ਹੇ ਗੁਰੂ ਦੇ ਸਿੱਖ ਮੱਖਣ! ਤੇਰਾ ਬਚਨ ਮੰਨ ਲਿਆ। ਤੂੰ ਬੜੇ ਦੂਰ ਦੇਸ਼ ਤੋਂ ਸ਼ਰਧਾ ਧਾਰ ਕੇ ਕਸ਼ਟ ਝੱਲ ਕੇ ਆਇਆ ਹੈਂ। ਫਿਰ ਬੜੀ ਨਿਮਰਤਾ ਸਹਿਤ, ਬੜੇ ਉਤਸ਼ਾਹ ਨਾਲ ਗੁਰੂ ਘਰ ਵਿੱਚ ਭੇਟਾ ਲਿਆ ਕੇ ਦਿੱਤੀਆਂ ਹਨ। ਜੇ ਤੇਰਾ ਕਿਹਾ ਹੁਣ ਅਸੀਂ ਨਹੀਂ ਮੰਨਦੇ ਤਾਂ ਤੂੰ ਆਪਣੇ ਵਿੱਚ ਖੋਟ ਸਮਝੇਂਗਾ ਕਿ ਮੈਂ ਬਹੁਤ ਮਾੜਾ ਸਿੱਖ ਹਾਂ। ਇਸ ਲਈ ਮੇਰੀ ਚੰਗੀ ਇੱਛਾ ਵੀ ਸੁਖਦਾਤੇ ਗੁਰੂ ਨੇ ਨਹੀਂ ਮੰਨੀ। ਇਸ ਤਰ੍ਹਾਂ ਤੂੰ ਬਹੁਤ ਪਸ਼ਚਾਤਾਪ ਕਰੇਂਗਾ ਤੇ ਚਿੰਤਾਤੁਰ ਹੋ ਕੇ ਦੁਖ ਪਾਏਂਗਾ। ਭਗਤਾਂ ਨੂੰ ਸੁੱਖ ਦੇਣ ਲਈ ਪ੍ਰਮਾਤਮਾ ਨੇ ਅਵਤਾਰ ਧਾਰੇ ਹਨ। ਗੁਰੂ ਘਰ ਦੀ ਇਹ ਰੀਤ ਚਲੀ ਆ ਰਹੀ ਹੈ ਕਿ ਜਿਸ ਤਰ੍ਹਾਂ ਸਿੱਖ ਕਹਿੰਦੇ ਰਹੇ ਹਨ, ਉਸੇ ਤਰ੍ਹਾਂ ਹੀ ਸਤਿਗੁਰੂ ਮੰਨਦੇ ਰਹੇ ਹਨ।

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੱਖਣ ਸ਼ਾਹ ਦੀਆਂ ਪਿਆਰ ਭਰੀਆਂ ਬੇਨਤੀਆਂ ਮੰਨ ਲਈਆਂ। ਮੱਖਣ ਸ਼ਾਹ ਬਹੁਤ ਪ੍ਰਸੰਨ ਹੋਇਆ। ਸਤਿਗੁਰਾਂ ਦੀ ਆਗਿਆ ਨਾਲ ਪਾਣੀ ਨਾਲ ਆਪਣਾ ਮੂੰਹ ਧੋਤਾ। ਸਤਿਗੁਰੂ ਦਾ ਜੋ ਬਚਨ ਸੀ ਕਿ ਪ੍ਰਗਟ ਕਰਨ ਵਾਲੇ ਦਾ ਮੂੰਹ ਦਰਗਾਹ ਵਿੱਚ ਕਾਲਾ ਹੋਵੇਗਾ, ਉਹ ਪੂਰਾ ਹੋ ਗਿਆ। ਦੂਸਰਾ, ਮੱਖਣ ਸ਼ਾਹ ਦੇ ਦਿਲ ਵਿੱਚ ਸਤਿਗੁਰੂ ਜੀ ਨੂੰ ਪ੍ਰਗਟ ਦੀ ਜੋ ਇੱਛਾ ਸੀ ਉਹ ਪੂਰੀ ਹੋ ਗਈ। ਦੋਵੇਂ ਗੱਲਾਂ ਮੱਖਣ ਸ਼ਾਹ ਨੇ ਪੂਰੀਆਂ ਕਰ ਲਈਆਂ। ਆਪਣੇ ਹੱਥਾਂ ਨਾਲ ਸਤਿਗੁਰਾਂ ਦੇ ਗਲ ਵਿੱਚ ਸੁੰਦਰ ਜਾਮਾ ਪਾਇਆ। ਸਿਰ ਉਤੇ ਲੰਮੀ ਤੇ ਸੋਹਣੀ ਦਸਤਾਰ ਸਜਾਈ, ਉਤੇ ਸੁੰਦਰ ਚਾਦਰ ਦਿੱਤੀ। ਸਿੱਖ ਦੀ ਸਤਿਗੁਰਾਂ ਮਨੋਕਾਮਨਾਂ ਪੂਰੀ

ਕੀਤੀ। ਬਾਹਰ ਇੱਕ ਉੱਚਾ ਥੜ੍ਹਾ ਸੀ। ਉਸ ਉੱਤੇ ਸਤਿਗੁਰ ਆ ਕੇ ਬੈਠ ਗਏ। ਮੱਖਣ ਸ਼ਾਹ ਖੁਸ਼ੀ ਨਾਲ ਗਦ-ਗਦ ਹੋ ਕੇ ਕੋਠੇ ਤੇ ਚੜ੍ਹ ਗਿਆ। ਉੱਚੀ ਆਵਾਜ਼ ਨਾਲ ਕਹਿਣ ਲੱਗਾ-

ਭੁਲੀਉ ਸੰਗਤੋ ! ਕੰਨ ਦੇ ਕੇ ਸੁਣੋ,

**ਗੁਰੂ ਲਾਧੋ ਰੇ, ਗੁਰੂ ਲਾਧੋ ਰੇ।**

ਮਹਾਨ ਵੱਡਾ ਗੁਰੂ ਲੱਭ ਲਿਆ ਹੈ, ਲੱਭ ਲਿਆ ਹੈ, ਆਉ ਸਤਿਗੁਰਾਂ ਦੇ ਦਰਸ਼ਨ ਕਰਕੇ ਸੰਸੇ ਤੇ ਭਰਮ ਦੂਰ ਕਰ ਲਉ। ਆਪਣਾ ਜਨਮ ਸਵਾਰ ਲਉ।

ਮੱਖਣ ਸ਼ਾਹ ਦਾ ਮਨ ਖੁਸ਼ੀ ਨਾਲ ਭਰ ਗਿਆ। ਚਾਰੇ ਪਾਸੇ ਮੂੰਹ ਕਰਕੇ ਬੜੀ ਉੱਚੀ ਆਵਾਜ਼ ਨਾਲ ਬਾਰ-ਬਾਰ ਕਹਿਣ ਲੱਗਾ-

ਭੁਲੀਉ ਸੰਗਤੋ ਗੁਰੂ ਲੱਭ ਲਿਆ ਹੈ, ਲੱਭ ਲਿਆ ਹੈ,

ਗੁਰੂ ਇਹੋ ਹੈ, ਗੁਰੂ ਇਹੋ ਹੈ।

ਜਿੱਥੋਂ-ਜਿੱਥੋਂ ਤੱਕ ਮੱਖਣ ਸ਼ਾਹ ਦੀ ਆਵਾਜ਼ ਪਹੁੰਚੀ, ਸੁਣ-ਸੁਣ ਕੇ ਲੋਕ ਹੈਰਾਨ ਹੋਏ ਭੱਜੇ ਆਉਂਦੇ। ਨੇੜੇ ਦੇ ਪਿੰਡਾਂ ਵਿੱਚ ਵੀ ਇਹ ਗੱਲ ਪਹੁੰਚ ਗਈ। ਆਪਣੇ ਘਰਾਂ ਦੇ ਕੰਮ ਛੱਡ-ਛੱਡ ਕੇ ਕੇ ਲੋਕ ਵਾਹੋ-ਦਾਹੀ ਭੱਜੇ ਆ ਰਹੇ ਸਨ।

ਮੱਖਣ ਸ਼ਾਹ ਕੋਠੇ ਤੋਂ ਉਤਰ ਆਇਆ। ਸਤਿਗੁਰਾਂ ਦੇ ਸਾਹਮਣੇ ਖੜੇ ਹੋ ਕੇ ਕੜਾਹ ਪ੍ਰਸ਼ਾਦ ਦੀ ਅਰਦਾਸ ਕੀਤੀ। ਦੂਰ-ਦੁਰੇਡੇ ਤੋਂ ਸਿੱਖ ਸੰਗਤਾਂ ਨੇ ਆ ਕੇ ਦਰਸ਼ਨ ਕੀਤੇ। ਸਭਾ ਭਰ ਗਈ। ਕੜਾਹ ਪ੍ਰਸ਼ਾਦ ਵਰਤਿਆ। ਮੱਖਣ ਸ਼ਾਹ ਨੇ ਖੜੇ ਹੋ ਕੇ ਫਿਰ ਬੜੀ ਉਚੀ ਆਵਾਜ਼ ਨਾਲ ਸਿੱਖ ਸੰਗਤਾਂ ਨੂੰ ਦੱਸਿਆ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜੋ ਬਚਨ ਕਿਹਾ ਸੀ ਕਿ 'ਬਾਬਾ ਬਕਾਲੇ' ਉਹ ਬਚਨ ਅੱਜ ਸੱਚਾ ਹੋਇਆ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਇਹ ਦਾਦਾ ਲੱਗਦੇ ਹਨ। ਇਸ ਲਈ ਉਨ੍ਹਾਂ ਨੇ 'ਬਾਬਾ' ਕਹਿ ਕੇ ਇਨ੍ਹਾਂ ਦਾ ਹੀ ਪਤਾ ਦਿੱਤਾ ਸੀ। ਮੇਰੇ ਅੰਦਰ ਵੀ ਜਾਣ ਕੇ, ਮੇਰੀ ਅਰਦਾਸ ਸੁਣ ਕੇ, ਮੇਰਾ ਸਮੁੰਦਰ ਵਿੱਚ ਰੁਕਿਆ ਜਹਾਜ਼ ਇਨ੍ਹਾਂ ਬੰਨੇ ਲਾਇਆ ਸੀ। ਬਾਕੀ ਸਭ ਨੂੰ ਛੱਡ ਕੇ ਇੱਧਰ-ਉੱਧਰ ਦੀ ਭਟਕਣਾ ਤਿਆਗੋ ਤੇ ਇਨ੍ਹਾਂ ਦੇ ਦਰਸ਼ਨ ਕਰਕੇ ਚਰਨ ਪਰਸੋ ਤੇ ਆਪਣੀਆਂ ਮਨੋਕਾਮਨਾ ਪੂਰੀਆਂ ਕਰੋ ਤੇ ਆਪਣਾ ਜਨਮ ਸਫਲ ਕਰੋ।

ਮੱਖਣ ਸ਼ਾਹ ਨੇ ਚੰਗੀ ਤਰ੍ਹਾਂ ਸਾਰਿਆਂ ਨੂੰ ਸੁਣ ਕੇ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਬਾਈ ਗੁਰੂਆਂ ਦੀ ਮੈਂ ਪਰਖ ਕੀਤੀ। ਪਰ ਮੇਰੇ ਮਨ ਦੀ ਜਹਾਜ਼ ਬੰਨੇ ਲਾਉਣ ਵਾਲੀ ਗੱਲ ਮੈਨੂੰ ਕਿਸੇ ਨੇ ਨਹੀਂ ਦੱਸੀ। ਮੱਖਣ ਸ਼ਾਹ ਦੀ ਬੇਨਤੀ ਸੁਣ ਕੇ ਬਹੁਤ ਸਾਰੀਆਂ ਸਿੱਖ ਸੰਗਤਾਂ ਨੇ ਮੋਹਰਾਂ, ਬਸਤਰ, ਕੜਾਹ ਪ੍ਰਸ਼ਾਦ ਆਦਿ ਲੈ ਕੇ ਦਰਸ਼ਨ ਕੀਤੇ ਅਤੇ ਸਤਿਗੁਰਾਂ ਦੇ ਦਰਸ਼ਨ ਕਰਕੇ ਨਿਹਾਲ ਹੋ ਗਈਆਂ, ਮੱਖਣ ਸ਼ਾਹ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਹੁਣ ਆਪ ਦੇ ਛੁੱਪਣ ਦਾ ਸਮਾਂ ਨਹੀਂ। ਸਿੱਖਾਂ ਨੂੰ ਦਰਸ਼ਨ ਦਿਉ ਅਤੇ ਉਨ੍ਹਾਂ ਦੀ ਮਨੋਕਾਮਨਾਂ ਪੂਰੀਆਂ ਕਰੋ। ਇਸ ਤਰ੍ਹਾਂ ਡੇਢ ਪਹਿਰ ਰਾਤ ਤੱਕ ਮੱਖਣ ਸ਼ਾਹ ਸਤਿਗੁਰਾਂ ਦੇ ਪਾਸ ਰਿਹਾ। ਫਿਰ ਸਾਰੀਆਂ ਚੀਜ਼ਾਂ ਤੇ ਧਨ ਸੌਂਪ ਕੇ ਆਗਿਆ ਲੈ ਕੇ ਆਪਣੇ ਡੇਰੇ ਚਲਾ ਗਿਆ।

## ਸੋਢੀਆਂ ਦੀ ਈਰਖਾ

ਸਤਿਗੁਰਾਂ ਦੇ ਪ੍ਰਗਟ ਹੋਣ ਸਮੇਂ ਸਾਰੇ ਸੋਢੀਆਂ ਦੇ ਆਦਮੀ ਵੀ ਇੱਥੇ ਆਏਹ ੋਏਸ ਨ॥ ਜਓੁਂ-ਜਿਓੁਂਧ ਨਬ ਸਤਰਅ ਾਦਿਦ ਬਿ ਹੁਤਭ ੇਟਾ ਸਤਿਗੁਰਾਂ ਦੇ ਅੱਗੇ ਆਉਂਦੀ ਦੇਖਦੇ, ਅਤੇ ਸਾਰੀਆਂ ਸਿੱਖ ਸੰਗਤਾਂ ਸਤਿਗੁਰਾਂ ਦੀ ਉਸਤਤੀ ਕਰਦੀਆਂ ਸਨ। ਤਿਉਂ-ਤਿਉਂ ਇਨ੍ਹਾਂ ਦੇ ਮਨ ਵਿੱਚ ਬੜੀ ਈਰਖਾ ਦੇ ਭਾਂਬੜ ਮੱਚਣ ਲੱਗੇ। ਕਹਿਣ ਲੱਗੇ ਕਿ ਸਾਰਿਆਂ ਨੂੰ ਛੱਡ ਕੇ ਜਿਸ ਨੂੰ ਪਤਾ ਹੀ ਕੋਈ ਨਹੀਂ, ਉਸ ਤੇਗ ਬਹਾਦਰ ਨੂੰ ਗੁਰੂ ਬਣਾ ਦਿੱਤਾ ਹੈ। ਇਸ ਮੱਖਣ ਸ਼ਾਹ ਨੇ ਇਹ ਬੜਾ ਭਿੰਭ ਰਚਿਆ ਹੈ। ਜੋ ਸਾਰੇ ਸਿੱਖਾਂ ਨੂੰ ਬੁਲਾ ਕੇ ਲਿਆਇਆ ਹੈ। ਇਹ ਮੱਖਣ ਸ਼ਾਹ ਸਿੱਖ ਨੂੰ ਸਿਆਣਾ ਕਹਿੰਦੇ ਸੀ, ਇਹਦੇ ਵਰਗਾ ਤੇ ਬੇਸਮਝ ਹੀ ਕੋਈ ਨਹੀਂ। ਜਿਸਨੇ ਧੀਰ ਮੱਲ ਜੈਸੇ ਗੁਰੂ ਨੂੰ ਛੱਡ ਕੇ ਇਨ੍ਹਾਂ ਨੂੰ ਗੁਰੂ ਬਣਾ ਦਿੱਤਾ ਹੈ। ਇਸ ਤਰ੍ਹਾਂ ਦਾ ਫਿਰ ਜਿਹੜਾ ਚਾਹੇਗਾ, ਉਹ ਹੀ ਗੁਰੂ ਬਣ ਕੇ ਬੈਠ ਜਾਵੇਗਾ। ਇਹ ਮੱਖਣ ਸ਼ਾਹ ਸਿੱਖ ਵੀ ਇਨ੍ਹਾਂ ਨਾਲ ਮਿਲ ਗਿਆ ਹੈ। ਜਿਸ ਨੇ ਬੜਾ ਪਾਖੰਡ ਰਚਿਆ ਹੈ।

ਇਸ ਤਰ੍ਹਾਂ ਬਹੁਤ ਸਾਰੇ ਸੋਢੀ ਅਤੇ ਉਨ੍ਹਾਂ ਦੇ ਮਸੰਦ ਈਰਖਾ ਨਾਲ ਤਪੇ ਹੋਏ ਸਲਾਹ ਕਰਕੇ ਧੀਰ ਮਲ ਪਾਸ ਗਏ। ਇਨ੍ਹਾਂ ਵਿੱਚ ਇਕ ਸ਼ੀਹਾ ਨਾਮ ਕਰਕੇ ਮਸੰਦ ਵੀ ਸੀ। ਉਸਦਾ ਕਹਿਣਾ ਧੀਰ ਮੱਲ ਬਹੁਤ ਮੰਨਦਾ ਸੀ। ਇਹ ਬੜਾ ਲਾਲਚੀ ਤੇ ਦੁਸ਼ਟ ਸੀ। ਇਹ ਸ਼ੁਰੂ ਤੋਂ ਹੀ ਗੁਰੂ ਘਰ ਨਾਲ ਧ੍ਰੋਹ ਕਰਦਾ ਰਿਹਾ ਹੈ। ਉਸਨੇ ਧੀਰ ਮੱਲ ਨੂੰ ਕਿਹਾ ਕਿ ਜਦੋਂ ਤੋਂ ਤੁਹਾਨੂੰ ਸਿੱਖ ਮੰਨਣ ਲੱਗੇ ਹਨ, ਤੁਹਾਡੇ ਪਾਸ ਇਤਨਾ ਧਨ ਕਦੇ ਨਹੀਂ ਆਇਆ, ਜਿਤਨਾ ਧਨ ਤੇਗ ਬਹਾਦਰ ਨੂੰ ਇੱਕ ਪਹਿਰ ਬਾਹਰ ਬੈਠੇ ਨੂੰ ਆ ਗਿਆ ਹੈ। ਮਸੰਦ ਕਹਿਣ ਲੱਗਾ ਕਿ ਜੇਕਰ ਇਸੇ ਤਰ੍ਹਾਂ ਇਨ੍ਹਾਂ ਨੂੰ ਧਨ ਆਉਂਦਾ ਰਿਹਾ ਤਾਂ ਇਹ ਸਾਰਿਆਂ ਉੱਤੇ ਛਾ ਜਾਵੇਗਾ ਫਿਰ ਤੁਹਾਡਾ ਕੋਈ ਚਾਰਾ ਨਹੀਂ ਚਲੇਗਾ। ਇਸ ਲਈ ਜਦੋਂ ਮੱਖਣ ਸ਼ਾਹ ਉਨ੍ਹਾਂ ਦੇ ਕੋਲੋਂ ਬਾਹਰ ਆਪਣੇ ਡੇਰੇ ਚਲਾ ਜਾਵੇ ਤਾਂ ਉਥੇ ਆਪਣੇ ਸੂਰਮੇ ਝੱਟ-ਪਟ ਪਹੁੰਚ ਜਾਣ ਅਤੇ ਸਾਰਾ ਧਨ ਤੇ ਸਾਰਾ ਸਮਾਨ ਵੀ ਅਚਾਨਕ ਜਾ ਕੇ ਚੁੱਕ ਲੈਣ। ਉਥੇ ਰੌਲਾ ਪੈ ਜਾਵੇਗਾ। ਦੇਖ ਕੇ ਇਕ ਬੰਦੂਕ ਦਾ ਫਾਇਰ ਕਰ ਦੇਵਾਂਗੇ। ਜੇਕਰ ਕੋਈ ਇੱਕ-ਅੱਧ ਮਰ ਗਿਆ ਤਾਂ ਸਭ ਲੋਕ ਡਰ ਜਾਣਗੇ ਤੇ ਡਰ ਕੇ ਨੱਸ ਜਾਣਗੇ। ਫਿਰ ਸਭ ਲੋਕ ਤੁਹਾਡੇ ਪਾਸ ਆਉਣਗੇ ਤੇ ਤੁਹਾਡੀ ਪੂਜਾ ਕਰਨਗੇ। ਇਸ ਲਈ ਇਸ ਨੂੰ ਮਾਰਨਾ ਹੀ ਬਣਦਾ ਹੈ। ਨਹੀਂ ਤਾਂ ਇਹ ਦੁਖਦਾਈ ਕੰਡਾ ਵੱਧ ਜਾਵੇਗਾ।

ਧੀਰ ਮੱਲ ਨੇ ਪਹਿਲੇ ਤਾਂ ਮਸੰਦ ਦੀ ਗੱਲ ਮੰਨ ਲਈ। ਫਿਰ ਪਿੱਛੋਂ ਸੋਚ ਕੇ ਕਹਿਣ ਲੱਗਾ ਕਿ ਤੂੰ ਜੋ ਇਸਨੂੰ ਮਾਰਨ ਦੀ ਸਲਾਹ ਦਿੰਦਾ ਏਂ, ਇਹ ਮੈਨੂੰ ਚੰਗੀ ਨਹੀਂ ਲੱਗੀ। ਤੇਗ ਬਹਾਦਰ ਮੇਰੇ ਪਿਉ ਦਾ ਭਰਾ ਹੈ। ਫਿਰ ਉਸਨੇ ਮੇਰਾ ਬੁਰਾ ਨਹੀਂ ਕੀਤਾ। ਚੁੱਪ ਕਰਕੇ ਆਪਣੇ ਘਰ ਵਿੱਚ ਬੈਠਾ ਰਹਿੰਦਾ ਏ। ਇਸ ਲਈ, ਹੇ ਮਸੰਦ ! ਮੇਰਾ ਦਿਲ ਉਸਨੂੰ ਮਾਰਨ ਦਾ ਹੌਂਸਲਾ ਨਹੀਂ ਭਰਦਾ। ਪਰ ਮਸੰਦ ਨੇ ਧੀਰ ਮੱਲ ਦੀ ਗੱਲ ਨਾ ਮੰਨੀ ਅਤੇ ਉਲਟਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮਾਰਨ ਲਈ ਮਨਾ ਲਿਆ।

ਚਾਰ ਘੜੀਆਂ ਸਤਿਗੁਰਾਂ ਆਰਾਮ ਕੀਤਾ। ਫਿਰ ਉੱਠੇ। ਦਾਸ ਪਾਸੋਂ ਘੋੜੀ ਮੰਗਵਾਈ। ਘੋੜੀ ਤੇ ਸਵਾਰ ਹੋ ਕੇ ਬਾਹਰ ਗਏ। ਕੁਝ ਸਮੇਂ ਪਿੱਛੋਂ ਬਾਹਰੋਂ ਵਾਪਸ ਆਏ। ਸਿਰ ਤੇ ਚਾਦਰ ਲਈ ਹੋਈ ਸੀ। ਸਹਿਜ ਸੁਭਾਵਕ ਹੌਲੀ-ਹੌਲੀ ਆ ਰਹੇ ਸਨ। ਬਕਾਲੇ ਪਿੰਡ ਵਿੱਚ ਵੜੇ। ਅਚਾਨਕ ਬੰਦੂਕ ਛੁਟੀ। ਘੋੜੀ ਡਰ ਕੇ ਤੇਜ਼ ਹੋ ਗਈ। ਸਤਿਗੁਰਾਂ ਘੋੜੀ ਦੀਆਂ ਵਾਂਗਾਂ ਸੰਭਾਲੀਆਂ। ਜਿੱਧਰੋਂ ਗੋਲੀ ਆਈ ਸੀ, ਉੱਧਰ ਵੇਖਦੇ ਹੋਏ ਸਤਿਗੁਰ ਤੇਗ ਬਹਾਦਰ ਸਾਹਿਬ ਜੀ ਨੇ ਬੜੀ ਉੱਚੀ ਅਵਾਜ਼ ਨਾਲ ਕਿਹਾ,

**"ਭਲੇ ਧੀਰ ਮੱਲ ਭਲੇ, ਭਲੇ ਧੀਰ ਮਲ ਭਲੇ"**

ਬਹੁਤ ਵੇਰਾਂ ਇਹੋ ਹੀ ਸ਼ਬਦ ਕਹਿੰਦੇ ਗਏ। ਅਰਥਾਤ ਧੀਰ ਮੱਲ ਤੇਰਾ ਭਲਾ ਹੋਵੇ, ਧੀਰ ਮੱਲ ਤੇਰਾ ਭਲਾ ਹੋਵੇ।

ਇਸ ਤਰ੍ਹਾਂ ਕਹਿੰਦੇ ਘੋੜੀ ਦੁੜਾਉਂਦੇ ਘਰ ਆ ਗਏ। ਘੋੜੀ ਤੋਂ ਉੱਤਰ ਕੇ ਸੇਜਾ ਤੇ ਆ ਬੈਠੇ।

## ਧੀਰ ਮੱਲ ਵਲੋਂ ਲੁਟ ਤੇ ਫਿਰ ਗੋਲੀ ਚਲਾਉਣੀ

ਸਤਿਗੁਰ ਆਪਣੇ ਦਿਲ ਵਿੱਚ ਸੋਚਣ ਲੱਗੇ ਕਿ ਕਿਸ ਤਰ੍ਹਾਂ ਸਾਰੇ ਸੋਢੀਆਂ ਤੇ ਧੀਰ ਮੱਲ ਨੇ ਦਵੈਸ਼ ਕਰਕੇ ਇਹ ਖੋਟਾ ਕਰਮ ਕੀਤਾ ਹੈ। ਇਹ ਈਰਖਾ ਦੀ ਅੱਗ ਨਾਲ ਸੜ ਰਹੇ ਹਨ ਤੇ ਮਾਇਆ ਤੇ ਲਾਲਚੀ ਹਨ। ਪਰਮਾਤਮਾ ਦੇ ਨਾਮ ਤੋਂ ਬਿਨ੍ਹਾਂ ਕਿਸ ਤਰ੍ਹਾਂ ਇਨ੍ਹਾਂ ਨੂੰ ਸੁੱਖ ਪ੍ਰਾਪਤ ਹੋ ਸਕਦਾ ਹੈ। ਅਗਲੇ ਆਉਣ ਵਾਲੇ ਸਮੇਂ ਦਾ ਸਾਰਾ ਹਾਲ ਜਾਣ ਕੇ ਸਤਿਗੁਰ ਜੀ ਹਿਰਦੇ ਵਿੱਚ ਸ਼ਾਂਤੀ ਧਾਰ ਕੇ ਚੁੱਪ ਕਰਕੇ ਬੈਠ ਗਏ। ਧੀਰ ਮੱਲ ਦੇ ਜਾਸੂਸ ਨੇ ਜਾ ਕੇ ਦੱਸਿਆ ਕਿ ਹੁਣ ਤੇਗ ਬਹਾਦਰ ਇਕੱਲੇ ਬਾਹਰੋਂ ਆ ਕੇ ਬੈਠੇ ਹਨ। ਸੁਣਦਿਆਂ ਹੀ ਉਸੇ ਵੇਲੇ ਸ਼ੀਹਾਂ ਮਸੰਦ ਨੇ ਬਹੁਤ ਸਾਰੇ ਸੁਰਮਿਆਂ ਨੂੰ ਨਾਲ ਲੈ ਕੇ ਹਮਲਾ ਕਰਨ ਦੀ ਤਿਆਰੀ ਕਰ ਲਈ। ਧੀਰ ਮੱਲ ਨੇ ਫਿਰ ਕਿਹਾ ਕਿ ਇਸ ਤਰ੍ਹਾਂ ਦਾ ਕੰਮ ਕੁਝ ਸੋਚ ਕੇ ਕਰਨਾ ਚਾਹੀਦਾ ਹੈ, ਤਾਂ ਕਿ ਪਿੱਛੋਂ ਪਛਤਾਉਣਾ ਨਾ ਪਵੇ।

ਪਰ ਮਸੰਦ ਨੇ ਧੀਰ ਮੱਲ ਦੀ ਕੋਈ ਗੱਲ ਨਾ ਮੰਨੀ ਅਤੇ ਕਹਿਣ ਲੱਗਾ ਤੁਸੀਂ ਕਿਉਂ ਡਰਦੇ ਹੋ। ਇਨ੍ਹਾਂ ਦਾ ਮਦਦਗਾਰ ਮੱਖਣ ਸ਼ਾਹ ਹੀ ਹੈ। ਤੇ ਉਸਦਾ ਡੇਰਾ ਦੂਰ ਹੈ, ਹੋਰ ਕਿਸੇ ਨੇ ਇਨ੍ਹਾਂ ਦੀ ਮਦਦ ਕਰਨੀ ਕੋਈ ਨਹੀਂ। ਕਿਉਂਕਿ ਉਹ ਕਿਸੇ ਨਾਲ ਮਿਲਦੇ ਨਹੀਂ ਬੋਲਦੇ ਨਹੀਂ, ਉਨ੍ਹਾਂ ਦੀ ਮਦਦ ਤੇ ਕੌਣ ਆਵੇਗਾ! ਤੁਸੀਂ ਨਿਸ਼ਚਿੰਤ ਹੋ ਕੇ ਬੈਠੇ ਰਹੋ ਤੇ ਇਹ ਸਾਰਾ ਕੰਮ ਮੇਰੇ ਸਿਰ ਤੇ ਰਹਿਣ ਦਿਉ।

ਇਸ ਤਰ੍ਹਾਂ ਕੁਝ ਸੂਰਮੇ ਤੇ ਕੁਝ ਸੇਵਕ ਲੈ ਕੇ ਸ਼ੀਹਾਂ ਮਸੰਦ ਸਤਿਗੁਰਾਂ ਦੇ ਘਰ ਇੱਕੋ ਵਾਰ 'ਮਾਰ ਦਿਉ-ਮਾਰ ਦਿਉ' ਕਰਕੇ ਅਚਨਚੇਤ ਪੈ ਗਿਆ, ਕਈਆਂ ਨੂੰ ਹੱਥੋਂ-ਹੱਥੀ ਫੜ ਲਿਆ। ਦੋਵਾਂ ਪਾਸਿਆਂ ਤੋਂ ਰੌਲਾ ਪੈ ਗਿਆ। ਜਦੋਂ ਕੁਝ ਆਦਮੀ ਸਾਹਮਣੇ ਆਉਂਦੇ ਦੇਖੇ ਤਾਂ ਤਤਕਾਲ ਬੰਦੂਕ ਚਲਾ ਦਿੱਤੀ। ਗੋਲੀ ਸਿੱਧੀ ਸਤਿਗੁਰਾਂ ਦੇ ਸਿਰ ਨੂੰ ਆਈ। ਸਤਿਗੁਰ ਦੇ ਸਿਰ ਨੂੰ ਛੋਹ ਕੇ ਗੋਲੀ ਅੱਗੇ ਜਾ ਡਿੱਗੀ। ਸਤਿਗੁਰਾਂ ਦੇ ਸਿਰ ਨੂੰ ਥੋੜ੍ਹਾ ਜਿਹਾ ਜ਼ਖਮ ਆਇਆ, ਜਿਸ ਨਾਲ ਕੁਝ ਲਹੂ ਵਗਿਆ। ਹਾਹਾਕਾਰ ਮੱਚ ਗਈ। ਮਸੰਦ ਦੇ ਆਦਮੀਆਂ ਨੇ ਕਈਆਂ ਨੂੰ ਚਪੇੜਾਂ ਮਾਰੀਆਂ। ਕਈਆਂ ਨੂੰ ਤਲਵਾਰਾਂ ਦੀਆਂ ਮੁੱਠਾਂ ਨਾਲ ਮਾਰਿਆ। ਜੇ ਕੋਈ ਮੂੰਹੋਂ ਬੋਲਦਾ ਤਾਂ ਉਸੇ ਨੂੰ ਮਾਰਨ ਲੱਗ ਪੈਂਦੇ। ਸਾਰੇ ਪਿੰਡ ਵਿੱਚ ਰੌਲਾ ਪੈ ਗਿਆ ਤੇ ਹਾਹਾਕਾਰ ਮੱਚ ਗਈ। ਮਸੰਦ ਦੇ ਆਦਮੀਆਂ ਨੇ ਮੋਹਰਾਂ, ਬਸਤਰ ਤੇ ਹੋਰ ਸਾਰਾ ਸਾਮਾਨ ਲੁੱਟ ਲਿਆ। ਸ਼ੀਹਾਂ ਮਸੰਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕਹਿਣ ਲੱਗਾ ਕਿ ਤੂੰ ਕਿਸ ਤਰ੍ਹਾਂ ਗੁਰੂ ਬਣ ਗਿਆ ਏਂ, ਬੋਲਣ ਤੇ ਮਿਲਣ ਦੀ ਤੈਨੂੰ ਹੋਸ਼ ਕੋਈ ਨਹੀਂ! ਤੂੰ ਕਿਸ ਤਰ੍ਹਾਂ ਗੁਰੂ ਬਣ ਸਕਦਾ ਏਂ! ਤੂੰ ਧੀਰ ਮੱਲ ਤੋਂ ਵੀ ਨਹੀਂ ਡਰਿਆ। ਇਕ ਮੱਖਣ ਸ਼ਾਹ ਵੱਡਾ ਧਨਾਢ ਤੈਨੂੰ ਮਿਲ ਗਿਆ ਹੈ, ਉਸ ਨਾਲ ਮਿਲ ਕੇ ਘਰ ਵਿੱਚ ਬਹਿ ਕੇ ਹੀ ਮਤਾ ਪਕਾ ਕੇ ਗੁਰੂ-ਘਰ ਦਾ ਰੌਲਾ ਮਚਾ ਦਿੱਤਾ ਏ।

ਮਾਤਾ ਨਾਨਕੀ ਨੂੰ ਮਸੰਦ ਦੀਆਂ ਗੱਲਾਂ ਸੁਣ ਕੇ ਬਹੁਤ ਗੁੱਸਾ ਆਇਆ। ਮਾਤਾ ਜੀ ਨੇ ਕਿਹਾ, "ਤੁਸੀਂ! ਕੌਣ ਹੋ ਸਿੱਖਾਂ ਪਾਸੋਂ ਭੇਟਾ ਲੈਣ ਤੋਂ ਹਟਾਉਣ ਵਾਲੇ, ਮੇਰੇ ਪੁੱਤਰ ਦੇ ਪਿਤਾ ਗੁਰੂ, ਦਾਦਾ ਗੁਰੂ, ਜਿਨ੍ਹਾਂ ਨੂੰ ਚਾਰੇ ਦਿਸ਼ਾਂ ਤੋਂ ਆ ਕੇ ਸਿੱਖ ਭੇਟਾ ਕਰਦੇ ਰਹੇ ਹਨ। ਅਸੀਂ ਆਪਣੇ ਘਰ ਚੁੱਪ ਕਰਕੇ ਗੁਜ਼ਾਰਾ ਕਰ ਰਹੇ ਹਾਂ। ਧੀਰ ਮੱਲ ਪਾਸ ਸਿੱਖ ਆਉਂਦੇ ਵੀ ਹਨ, ਭੇਟਾ ਕਰਦੇ ਹਨ, ਅਸੀਂ ਉਸਦੇ ਘਰ ਕਦੇ ਗਏ ਹਾਂ? ਜੇਕਰ ਸਿੱਖ ਆ ਕੇ ਸਾਨੂੰ ਭੇਟਾ ਦਿੰਦੇ ਹਨ ਤਾਂ ਤੁਹਾਡਾ ਕੀ ਕੰਮ ਹੈ ਸਾਡੇ ਘਰ ਆਉਣ ਦਾ, ਗੋਲੀ ਚਲਾਉਣ ਦਾ ਤੇ ਜ਼ਬਰਦਸਤੀ ਮਾਲ ਸਮਾਨ ਲੁੱਟਣ ਦਾ। ਇਸ ਦਾ ਫਲ ਗੁਰੂ ਨਾਨਕ ਬਾਬਾ ਤੁਹਾਨੂੰ ਦੇਵੇਗਾ। ਮੇਰੇ ਪੁੱਤਰ ਦਾ ਨਵਾਂ ਜਨਮ ਹੋਇਆ ਏ। ਇਸ ਦਾ ਬਦਲਾ ਅਕਾਲ ਪੁਰਖ ਹੀ ਤੁਹਾਡੇ ਕੋਲੋਂ ਲਵੇਗਾ।"

ਸ਼ਾਂਤ ਰੂਪ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬੜੇ ਪਿਆਰ ਤੇ ਮਿੱਠੇ ਸ਼ਬਦਾਂ ਨਾਲ ਮਾਤਾ ਜੀ ਨੂੰ ਕਿਹਾ, "ਮਾਤਾ ਜੀ, ਇਸ ਧਨ ਨੂੰ ਜਾਣ ਦਿਉ। ਇਸ ਨੂੰ ਤਿਆਗਣਾ ਹੀ ਬਣਦਾ ਹੈ। ਇਸਦੇ ਤਿਆਗਣ ਵਿੱਚ ਹੀ ਸੁੱਖ ਹੈ। ਇਸਨੂੰ ਲੈਣ ਵਾਲੇ ਦੁਖ ਹੀ ਪਾਉਂਦੇ ਹਨ।" ਇਸ ਤਰ੍ਹਾਂ ਸਤਿਗੁਰੂ ਜੀ ਧੀਰਜ ਕਰਕੇ ਬੈਠੇ ਰਹੇ ਤੇ ਮਾਤਾ ਜੀ ਨੂੰ ਸੁੰਦਰ ਉਪਦੇਸ਼ ਦਿੰਦੇ ਰਹੇ। ਮਾਤਾ ਦੇ ਨੇਤਰਾਂ ਵਿੱਚੋਂ ਜ਼ਾਰੋ ਜ਼ਾਰ ਅੱਥਰੂ ਵਗ ਰਹੇ ਸਨ। ਪੁੱਤਰ ਦੇ ਪਾਸ ਖਲੋਤੇ ਹੋਏ ਸਨ। ਧੀਰ ਮੱਲ ਦੇ ਆਦਮੀ ਸਾਰੀਆਂ ਚੀਜ਼ਾਂ ਤੇ ਧਨ ਲੈ ਕੇ ਬੜੇ ਨਿਡਰ ਹੋ ਕੇ ਨਿਰਾਦਰੀ ਕਰਕੇ ਚਲੇ ਗਏ।

ਧੀਰ ਮੱਲ ਕੋਲ ਜਾ ਕੇ ਮਸੰਦ ਨੇ ਸਾਰਾ ਹਾਲ ਧਨ ਪਦਾਰਥ ਲੁੱਟਣ ਦਾ ਤੇ ਗੋਲੀ ਚਲਾਉਣ ਦਾ ਦੱਸਿਆ ਤੇ ਕਹਿਣ ਲੱਗਾ ਕਿ ਚੰਗੀ ਤਰ੍ਹਾਂ ਦਿੱਸਦਾ ਨਹੀਂ ਸੀ, ਇਸ ਕਰਕੇ ਗੋਲੀ ਨਹੀਂ ਲੱਗੀ। ਉਸਦੀ ਪ੍ਰਾਲਬਧ ਚੰਗੀ ਸੀ, ਜੋ ਉਹ ਬਚ ਰਿਹਾ। ਗੁਰੂ ਬਨਾਉਣੇ ਤੇ ਮਸੰਦਾਂ ਦੇ ਅਖਤਿਆਰ ਵਿੱਚ ਹੈ। ਕਿਉਂਕਿ ਸਾਰੇ ਸਿੱਖ ਮਸੰਦਾਂ ਦੇ ਅਧੀਨ ਹਨ, ਇਸ ਲਈ ਤੁਹਾਡੀ ਗੱਦੀ ਪੱਕੀ ਹੈ। ਤੁਸੀਂ ਹੀ ਸ਼੍ਰੋਮਣੀ ਗੁਰੂ ਹੋ। ਤੁਹਾਡੇ ਹੁੰਦਿਆਂ ਹੋਰ ਗੁਰੂ ਕੌਣ ਬਣ ਸਕਦਾ ਏ!

ਬਹੁਤ ਸਾਰੇ ਸਿੱਖ ਇਕੱਠੇ ਹੋ ਗਏ ਤੇ ਕਹਿਣ ਲੱਗੇ ਕਿ ਧੀਰ ਮੱਲ ਨੇ ਬਹੁਤ ਖੋਟਾ ਕਰਮ ਕੀਤਾ ਹੈ। ਸਿੱਖ ਬਹੁਤ ਦੁਖੀ, ਚਿੰਤਾਵਾਨ ਹੋ ਕੇ ਕਹਿਣ ਕਿ ਸਾਡੀ ਸਮਰੱਥਾ ਨਹੀਂ, ਅਸੀਂ ਕੀ ਕਰ ਸਕਦੇ ਹਾਂ! ਧੀਰ ਮੱਲ ਪਾਸ ਕਈ ਸ਼ਸਤਰਧਾਰੀ ਹਨ। ਇਸ ਲਈ ਉਸ ਉਤੇ ਸਾਡਾ ਕੋਈ ਵੱਸ ਨਹੀਂ ਚੱਲ ਸਕਦਾ।

ਫਿਰ ਆਪਸ ਵਿੱਚ ਕਹਿਣ ਲੱਗੇ ਕਿ ਮੱਖਣ ਸ਼ਾਹ ਸਿੱਖ ਪਾਸ ਪੰਜ ਸੌ ਸੂਰਮਾ ਹੈ। ਜੇਕਰ ਉਹ ਆਪਣੇ ਗੁਰੂ ਦਾ ਬਦਲਾ ਲੈਣਾ ਚਾਹਵੇ ਤਾਂ ਲੈ ਸਕਦਾ ਹੈ। ਅਤੇ ਇਸ ਹੰਕਾਰ ਦਾ ਫਲ ਧੀਰ ਮੱਲ ਆਦਿਕਾਂ ਨੂੰ ਦੇ ਸਕਦਾ ਹੈ। ਇਸ ਤਰ੍ਹਾਂ ਸਲਾਹ ਕਰਕੇ ਬਾਹਰ ਜਿੱਥੇ ਮੱਖਣ ਸ਼ਾਹ ਦਾ ਡੇਰਾ ਸੀ, ਦੋ ਸਿੱਖ ਉੱਥੇ ਦੌੜੇ ਗਏ ਅਤੇ ਜਿਸ ਤਰ੍ਹਾਂ ਧੀਰ ਮੱਲ ਕੇ ਜ਼ਬਰਦਸਤੀ ਕੀਤੀ ਸੀ, ਉਹ ਸਾਰੀ ਗੱਲ ਜਾ ਕੇ ਮੱਖਣ ਸ਼ਾਹ ਨੂੰ ਦੱਸ ਦਿੱਤੀ।

## ਮੱਖਣ ਸ਼ਾਹ ਦਾ ਕ੍ਰੋਧ

ਮੱਖਣ ਸ਼ਾਹ ਸੁੰਦਰ ਪਲੰਘ ਤੇ ਲੰਮਾ ਪਿਆ ਹੋਇਆ ਸੀ। ਸਿੱਖ ਬੜੀ ਉੱਚੀ-ਉੱਚੀ ਬੋਲਦੇ ਝੱਟ-ਪਟ ਪਹੁੰਚੇ ਅਤੇ ਕਹਿਣ ਲੱਗੇ ਕਿ ਮੱਖਣ ਸ਼ਾਹ! ਗੁਰੂ ਘਰ ਵਿੱਚ ਤਾਂ ਭਾਰੀ ਵਿਘਨ ਪੈ ਗਿਆ ਹੈ। ਤੁਸੀਂ ਇੱਥੇ ਅਰਾਮ ਨਾਲ ਲੰਮੇ ਪਏ ਹੋਏ ਹੋ। ਜੋ ਤੁਸੀਂ ਧਨ ਦਿੱਤਾ ਸੀ ਅਤੇ ਜੋ ਹੋਰ ਸਿੱਖਾਂ ਨੇ ਭੇਟਾ ਕੀਤੀ ਸੀ, ਧੀਰ ਮਲ ਨੇ ਈਰਖਾ ਕਰਕੇ ਮਸੰਦ ਤੇ ਕਈ ਸੂਰਮੇ ਭੇਜੇ, ਉਨ੍ਹਾਂ ਨੇ ਆ ਕੇ ਬੜਾ ਖੋਟਾ ਕੰਮ ਕੀਤਾ ਤੇ ਸਤਿਗੁਰਾਂ ਉਤੇ ਗੋਲੀ ਚਲਾਈ। ਗੋਲੀ ਸਤਿਗੁਰਾਂ ਦੇ ਮੱਥੇ ਨਾਲ ਛੋਹ ਕੇ ਅੱਗੇ ਜਾ ਡਿੱਗੀ। ਅਸੀਂ ਸਮਝਦੇ ਹਾਂ ਕਿ ਸਤਿਗੁਰੂ ਜੀ ਆਪਣੀ ਕਰਾਮਾਤ ਨਾਲ ਹੀ ਬਚੇ ਹਨ। ਤੁਹਾਡ ਦਿੱਤਾ ਧਨ, ਬਸਤਰ ਤਾਂ ਲੁੱਟ ਕੇ ਲੈ ਗਏ, ਸਤਿਗੁਰਾਂ ਦੇ ਰਸੋਈ ਦੇ ਬਰਤਨ ਆਦਿ ਵੀ ਲੈ ਗਏ ਹਨ। ਬੜੇ ਨਿਰਾਦਰੀ ਦੇ ਬਚਨ ਉਨ੍ਹਾਂ ਦੇ ਮਸੰਦ ਸ਼ੀਹਾਂ ਨੇ ਕਹੇ ਹਨ। ਸਤਿਗੁਰਾਂ ਨੂੰ ਮਾਰਨਾ ਚਾਹੁੰਦੇ ਸਨ। ਜੇ ਸਤਿਗੁਰਾਂ ਦੀ ਮਾਤਾ ਨੇੜੇ ਨਾ ਹੁੰਦੀ ਤਾਂ ਉਨ੍ਹਾਂ ਨੂੰ

ਜਿਊਂਦੇ ਨਹੀਂ ਸੀ ਰਹਿਣ ਦੇਣਾ। ਮਾਤਾ ਨੇ ਆਪਣੇ ਪੁੱਤਰ ਦੀ ਰੱਖਿਆ ਸਭ ਤਰ੍ਹਾਂ ਨਾਲ ਕੀਤੀ ਹੈ। ਜਿਤਨਾ ਚਿਰ ਉਥੇ ਰਹੇ ਹਨ, ਮਾਤਾ ਆਪਣੇ ਪੁੱਤਰ ਪਾਸ ਹੀ ਰਹੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬੜੇ ਗੰਭੀਰ ਹਨ। ਤੁਹਾਡੇ ਤੋਂ ਪਹਿਲਾਂ ਉਹ ਬੜੀ ਇੱਜ਼ਤ ਨਾਲ ਆਪਣੇ ਘਰ ਵਿੱਚ ਸੁੱਖ-ਪੂਰਵਕ ਬੈਠੇ ਹੋਏ ਸਨ। ਉਨ੍ਹਾਂ ਦੀ ਕਿਸੇ ਨੇ ਨਿਰਾਦਰੀ ਨਹੀਂ ਸੀ ਕੀਤੀ, ਅਵਗਿਆ ਨਹੀਂ ਸੀ ਕੀਤੀ। ਤੁਸੀਂ ਆ ਕੇ ਉਨ੍ਹਾਂ ਨੂੰ ਬਹੁਤ ਸਾਰਾ ਧਨ ਭੇਟਾ ਕਰਕੇ ਪ੍ਰਗਟ ਕੀਤਾ ਹੈ। ਇਸ ਕਰਕੇ ਵਿਘਨ ਪਏ ਹਨ। ਚੰਗੇ ਤੁਸੀਂ ਆ ਕੇ ਦਰਸ਼ਨ ਕੀਤੇ ਹਨ।

ਮੱਖਣ ਸ਼ਾਹ ਨੇ ਸਿੱਖਾਂ ਦੀ ਸਾਰੀ ਗੱਲ ਸੁਣੀ। ਸੁਣ ਕੇ ਬਹੁਤ ਦੁਖੀ ਹੋਇਆ। ਮੱਖਣ ਸ਼ਾਹ ਦੇ ਹਿਰਦੇ ਵਿੱਚ ਜਿਹੜੀ ਗੁਰੂ ਸਾਹਿਬ ਨੂੰ ਪ੍ਰਗਟ ਕਰਨ ਦੀ ਖੁਸ਼ੀ ਸੀ, ਉਹ ਖਤਮ ਹੋ ਗਈ। ਕਹਿਣ ਲੱਗਾ ਕਿ ਧੀਰ ਮੱਲ ਨੇ ਕਿਸਦੀ ਓਟ ਲੈ ਕੇ ਇਸ ਤਰ੍ਹਾਂ ਦਾ ਖੋਟਾ ਕੰਮ ਕੀਤਾ ਹੈ। ਉਸਨੂੰ ਇਹ ਮੂਰਖਤਾ ਕਰਨ ਤੋਂ ਕਿਸੇ ਨੇ ਮੋੜਿਆ ਨਹੀਂ, ਇਸ ਦੇਸ਼ ਵਿੱਚ ਲੋਕ ਕਿਸ ਤਰ੍ਹਾਂ ਵੱਸਣਗੇ। ਇਸ ਤਰ੍ਹਾਂ ਤਾਂ ਜ਼ੋਰ ਵਾਲੇ ਮਾੜਿਆਂ ਤੋਂ ਸਭ ਕੁਝ ਖੋਹ ਲੈਣਗੇ। ਪਰ ਮੇਰਾ ਸਤਿਗੁਰੂ ਤਾਂ ਨਿਰਬਲ ਨਹੀਂ। ਜੇਕਰ ਉਹ ਮਨ ਕਰਕੇ ਕਿਸੇ ਪੱਖ ਵਿੱਚ ਹੋ ਜਾਣ ਤਾਂ ਉਸਨੂੰ ਸਾਰੀ ਧਰਤੀ ਦਾ ਮਾਲਕ ਬਣਾ ਸਕਦੇ ਹਨ। ਧੀਰ ਮੱਲ ਵਰਗਿਆਂ ਦੀ ਗਿਣਤੀ ਹੀ ਕੀ ਹੈ। ਫਿਰ ਵੀ ਸਤਿਗੁਰਾਂ ਦੀ ਵੱਡੀ ਭਾਰੀ ਮਹਿਮਾ ਹੈ, ਜਿਨ੍ਹਾਂ ਸਮਰਥਾ ਹੁੰਦਿਆਂ ਹੋਇਆ ਵੀ ਆਪਣਾ ਆਪ ਜਿਤਾਇਆ ਨਹੀਂ ਤੇ ਸ਼ਕਤੀ ਹੁੰਦਿਆਂ ਵੀ ਅਵੱਗਿਆ ਸਹਾਰੀ ਹੈ, ਨਿਰਾਦਰ ਸਹਾਰਿਆ ਹੈ।

ਤਿੰਨਾਂ ਲੋਕਾਂ ਵਿੱਚ ਅਜਿਹਾ ਕੋਈ ਨਹੀਂ ਜਿਹੜਾ ਮੇਰੇ ਗੁਰੂ ਦੀ ਬਰਾਬਰੀ ਕਰ ਸਕੇ। ਹੁਣ ਜੋ ਗੁਰੂ ਘਰ ਵਿੱਚ ਵਿਘਨ ਹੋਇਆ ਹੈ ਇਹ ਸਾਰਾ ਦੋਸ਼ ਮੇਰਾ ਹੈ। ਉਹ ਤਾਂ ਮੈਨੂੰ ਬਹੁਤ ਰੋਕ ਰਹੇ ਸਨ। ਮੈਂ ਹੀ ਉਨ੍ਹਾਂ ਨੂੰ ਬਹੁਤਾ ਕਹਿ-ਕਹਿ ਕੇ ਪ੍ਰਗਟ ਕੀਤਾ। ਜੇਕਰ ਮੈਂ ਇਸ ਵਿਘਨ ਨੂੰ ਹੁਣ ਨਾਸ਼ ਨਾ ਕਰਾਂ ਤਾਂ ਇਸ ਅਪਰਾਧ ਦਾ ਮੈਨੂੰ ਭਾਰੀ ਦੋਸ਼ ਲੱਗੇਗਾ। ਜੇਕਰ ਬਲ ਵਾਲੇ ਧੀਰ ਮੱਲ ਦੇ ਬੰਦੇ, ਮੈਨੂੰ ਮਾਰ ਵੀ ਦੇਣਗੇ ਤਾਂ ਮੈਂ ਆਪਣਾ ਜੀਵਨ ਸਫਲ ਸਮਝਾਂਗਾ। ਹੁਣ ਮੈਂ ਆਪਣਾ ਜੀਵਨ ਸਫਲ ਨਹੀਂ ਸਮਝਦਾ, ਕਿਉਂਕਿ ਹੁਣ ਮੇਰੇ ਇੱਥੇ ਹੁੰਦਿਆਂ ਗੁਰੂ ਦੀ ਨਿਰਾਦਰੀ ਹੋਈ ਹੈ।

ਇਸ ਤਰ੍ਹਾਂ ਵਿਚਾਰ ਕੇ ਆਪਣੇ ਸੂਰਮਿਆਂ ਨੂੰ ਮੱਖਣ ਸ਼ਾਹ ਕਹਿਣ ਲੱਗਾ ਕਿ ਜਿਸ ਕੰਮ ਲਈ ਅਸੀਂ ਕਈ ਕੋਹ ਰਸਤਾ ਚਲਕੇ ਆਏ ਹਾਂ, ਉਹ ਕੰਮ ਵਿਗੜਦਾ ਜਾ ਰਿਹਾ ਹੈ। ਇਸ ਲਈ ਹੁਣ ਦੇਰ ਨਾ ਕਰੋ ਤੇ ਸ਼ਸਤਰ ਪਕੜ ਲਉ। ਜੇ ਕੋਈ ਮੇਰੇ ਨਾਲ ਲੜਾਈ ਕਰੇ ਤਾਂ ਸ਼ਸਤਰ ਮਾਰ ਕੇ ਫਤਹਿ ਪਾਵੇ। ਤੇ ਮੇਰਾ ਜੀਵਨ ਸਫਲ ਹੋ ਜਾਵੇਗਾ ਅਤੇ ਜੇਕਰ ਧਰਮ ਲਈ ਤੁਹਾਡੀ ਮੌਤ ਹੋ ਗਈ ਤਾਂ ਤੁਸੀਂ ਬਿਨਾਂ ਸੰਸੇ ਤੋਂ ਸਵਰਗਾਂ ਵਿੱਚ ਜਾਉਗੇ।

ਮੱਖਣ ਸ਼ਾਹ ਦਾ ਬਚਨ ਸੁਣਦਿਆਂ ਹੀ ਬਿਨ੍ਹਾਂ ਦੇਰੀ ਸੂਰਮੇ ਤਿਆਰ ਹੋ ਗਏ। ਢਾਲਾਂ, ਤਲਵਾਰਾਂ ਫੜ ਲਈਆਂ। ਮੱਖਣ ਸ਼ਾਹ ਨੇ ਆਪ ਵੀ ਢਾਲ ਤੇ ਤਲਵਾਰ ਫੜ ਲਈ। ਗੁਰੂ ਦੀ ਅਵਗਿਆ ਹੋਣ ਦੇ ਕਾਰਨ ਬੜੇ ਗੁੱਸੇ ਵਿੱਚ ਭਰਿਆ ਹੋਇਆ ਜਦੋਂ ਪਿੰਡ ਦੇ ਨੇੜੇ ਗਿਆ ਤਾਂ ਲੋਕਾਂ ਦਾ ਬਹੁਤ ਰੌਲਾ ਸੁਣਿਆ। ਹਾਹਾਕਾਰ ਮੱਚੀ ਹੋਈ ਸੀ। ਲੋਕ ਕਹਿ ਰਹੇ ਸਨ ਕਿ ਧੀਰ ਮੱਲ ਨੇ ਬੜਾ ਜ਼ੁਲਮ ਕੀਤਾ ਹੈ। ਬਕਾਲੇ ਪਿੰਡੇ ਵਿੱਚ ਬੜਾ ਉਪੱਦਰ ਹੋਇਆ ਹੈ। ਕੋਈ ਕਹਿ ਰਿਹਾ ਸੀ ਕਿ ਸੋਢੀ ਆਪਸ ਵਿੱਚ ਝਗੜ ਰਹੇ ਹਨ। ਕੋਈ ਕਹਿੰਦਾ ਹੈ ਅਸੀਂ ਗੁਰੂ ਬਣ ਜਾਈਏ। ਪਰ ਗੁਰੂ ਤਾਂ ਉਹੀ ਬਣ ਸਕੇਗਾ, ਜਿਸ ਵਿੱਚ ਕਰਾਮਾਤ ਹੋਵੇਗੀ।

ਲੋਕਾਂ ਦੀਆਂ ਗੱਲਾਂ ਸੁਣ ਕੇ ਮੱਖਣ ਸ਼ਾਹ ਦਾ ਗੁੱਸਾ ਹੋਰ ਵੱਧ ਗਿਆ। ਸਤਿਗੁਰਾਂ ਦੇ ਦਾਸ ਨੇ ਵੀ ਮੱਖਣ ਸ਼ਾਹ ਨੂੰ ਸਾਰੀ ਗੱਲ ਦੱਸੀ। ਮੱਖਣ ਸ਼ਾਹ ਉਸ ਸਿੱਖ ਨੂੰ ਕਹਿਣ ਲੱਗਾ ਕਿ ਜਿਸ ਮਸੰਦ ਨੇ ਸਤਿਗੁਰਾਂ ਦੀ ਇਹ ਅਵੱਗਿਆ ਕੀਤੀ ਹੈ, ਇੱਕ ਵਾਰ ਮੈਨੂੰ ਦੱਸ ਦਿਉਂ ਕਿ ਇਸ ਮਸੰਦ ਨੇ ਇਹ ਅਵੱਗਿਆ ਕੀਤੀ ਹੈ। ਫਿਰ ਅਚਾਨਕ ਹੀ ਮੱਖਣ ਸ਼ਾਹ ਦੇ ਸੂਰਮੇ ਟੁੱਟ ਕੇ ਪੈ ਗਏ। 'ਮਾਰ ਦਿਉ-ਮਾਰ ਦਿਉ'' ਕਹਿੰਦੇ ਅਤੇ ਰੌਲਾ ਪਾਉਂਦੇ ਧੀਰ ਮੱਲ ਦੇ ਡੇਰੇ ਜਾ ਵੜੇ। ਧੀਰ ਮੱਲ ਦੇ ਸੂਰਮਿਆਂ ਨੂੰ ਮੱਖਣ ਸ਼ਾਹ ਦੇ ਸੂਰਮਿਆਂ ਨੇ ਜਾ ਦਬਾਇਆ। ਮੱਖਣ ਸ਼ਾਹ ਨੇ ਬੜੀ ਉੱਚੀ ਅਵਾਜ਼ ਵਿੱਚ ਆਪਣੇ ਸੂਰਮਿਆਂ ਨੂੰ ਕਿਹਾ ਕਿ ਧੀਰ ਮੱਲ ਦਾ ਕੋਈ ਸੂਰਮਾ ਜੋ ਪਹਿਲੇ ਸ਼ਸਤਰ ਮਾਰਦਾ ਹੈ ਤਾਂ ਤੁਸੀਂ ਵੀ ਇਸ ਤਰ੍ਹਾਂ ਸ਼ਸਤਰ ਮਾਰੋ ਕਿ ਧੜਾਂ ਤੋਂ ਸਿਰ ਵੱਖ ਕਰਦੇ ਜਾਓ। ਰੁੰਡ-ਮਰੁੰਡ ਕਰ ਦਿਉ ਅਤੇ ਦੁਸ਼ਟ ਮਸੰਦ ਨੂੰ ਫ਼ੜ ਲਉ। ਜੇ ਕੋਈ ਅੱਗੋਂ ਹੱਥ ਉਠਾਏ, ਕੋਈ ਗੱਲ ਕਰੇ ਤਾਂ ਇਹੋ ਜਿਹੀਆਂ ਤਲਵਾਰਾਂ ਮਾਰੋ ਕਿ ਇੱਕ ਦੇ ਦੋ-ਦੋ ਕਰਦੇ ਜਾਉ ਤੇ ਦੋਹਾਂ ਦੇ ਚਾਰ-ਚਾਰ ਕਰਦੇ ਜਾਉ। ਜਿਸ ਤਰ੍ਹਾਂ ਇਨ੍ਹਾਂ ਗੁਰੂ ਨਾਲ ਕੀਤੀ ਹੈ, ਮੈਂ ਉਸੇ ਤਰ੍ਹਾਂ ਇਨ੍ਹਾਂ ਨਾਲ ਕਰਨੀ ਚਾਹੁੰਦਾ ਹਾਂ। ਧੀਰ ਮੱਲ ਗੁਰੂ ਦੀ ਕੁੱਲ ਵਿੱਚੋ ਹੈ, ਇਸ ਲਈ ਉਸਨੂੰ ਕੁਝ ਨਾ ਕਹਿਣਾ ਤੇ ਜਿਹੜਾ ਇਸ ਦਾ ਸ਼ੀਹਾਂ ਮਸੰਦ ਹੈ, ਜਿਸਨੇ ਇਹ ਕੁਕਰਮ ਕੀਤਾ, ਉਸ ਮਸੰਦ ਦੀਆਂ ਦੋਵੇਂ ਬਾਹਵਾਂ ਪਿੱਛੋਂ ਕਰਕੇ ਰੱਸੀ ਨਾਲ ਬੰਨ੍ਹ ਕੇ ਉਸਦੀਆਂ ਮੁਸ਼ਕਾਂ ਬੰਨ੍ਹ ਦਿਉ। ਸਾਰੀਆਂ ਚੀਜ਼ਾਂ ਚੁੱਕ ਕੇ ਸਤਿਗੁਰਾਂ ਦੇ ਘਰ ਵਿੱਚ ਪਹੁੰਚਾ ਦਿਉ। ਮੱਖਣ ਸ਼ਾਹ ਦੀਆਂ ਅੱਖਾਂ ਤੇ ਮੂੰਹ ਲਾ ਹੋਇਆ ਹੋਇਆ ਸੀ। ਗੁੱਸੇ ਨਾਲ ਬੁੱਲ ਫਰਕ ਰਹੇ ਸਨ ਜਿਸ ਤਰ੍ਹਾਂ ਕੋਈ ਭਿਆਨਕ ਸ਼ੇਰ ਹੁੰਦਾ ਹੈ। ਸਤਿਗੁਰਾਂ ਦੀ ਅਵੱਗਿਆ ਜਾਣ ਕੇ ਬਹੁਤ ਤਪਿਆ ਤੇ ਗੁਰੂ ਦਾ ਨਿਰਾਦਰ ਦੇਖ ਕੇ ਆਪਣੇ ਆਪ ਨੂੰ ਲਾਅਨਤ ਪਾਉਣ ਲੱਗਾ। ਕਹਿਣ ਲੱਗਾ ਕਿ ਜਦੋਂ ਕੋਈ ਦੁਸ਼ਟ ਗੁਰੂ ਦੀ ਨਿੰਦਿਆ ਕਰਦਾ ਹੈ, ਜਾਂ ਅਵੱਗਿਆ ਕਰਦਾ ਹੈ, ਕੋਈ ਸਿੱਖ ਕਿਵੇਂ ਇਹ ਸਹਾਰ ਸਕਦਾ ਹੈ। ਇਸ ਨਾਲੋਂ ਸਿੱਖ ਆਪਣੀ ਮੌਤ ਚੰਗੀ ਸਮਝਦਾ ਹੈ। ਕੰਡੀ ਰੱਤੀ ਦਾ ਭਾਰ ਨਹੀਂ ਸਹਾਰ ਸਕਦੀ ਤਾਂ ਤੋਲਾ ਰੱਖਿਆ ਕਿਸ ਤਰ੍ਹਾਂ ਸਹਾਰ ਸਕਦੀ ਹੈ। ਸਿੱਖ ਦਾ ਉੱਜਲ ਹਿਰਦਾ, ਸਤਿਗੁਰਾਂ ਦੇ ਖਿਲਾਫ ਖੋਟਾ ਬਚਨ ਨਹੀਂ ਸਹਾਰ ਸਕਦਾ ਤਾਂ ਗੁਰੂ ਦੀ ਨਿੰਦਿਆਂ ਜਾਂ ਅਵੱਗਿਆ ਕਿਸ ਤਰ੍ਹਾਂ ਸਹਾਰੇਗਾ। ਭਾਰੀ ਗੁੱਸੇ ਨਾਲ ਭਰਿਆ ਬੜੀ ਦਲੇਰੀ ਨਾਲ ਆਪਣੇ ਸੂਰਮਿਆਂ ਸਮੇਤ ਧੀਰ ਮੱਲ ਪਾਸੋਂ ਗੁਰੂ ਦੀ ਬੇਅਦਬੀ ਦਾ ਬਦਲਾ ਲੈਣ ਲਈ ਆ ਗਿਆ ਸੀ।

(ਚੱਲਦਾ)

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ**

# ਕਥਾ ਕੋਹੇਨੂਰ ਹੀਰੇ ਦੀ

"ਕੋਹੇਨੂਰ ਹੀਰਾ ਇੱਕ ਬੇਜਾਨ ਚਮਕਦਾਰ ਪੱਥਰ ਹੈ। ਰਸਾਇਣ ਵਿਗਿਆਨੀ ਇਸ ਨੂੰ ਕਾਰਬਨ ਦਾ ਟੁਕੜਾ ਕਹਿੰਦੇ ਹਨ। ਗੁਰਸਿੱਖਾਂ ਦੇ ਹੀਰੇ ਤਾਂ, ਗੁਰੂ ਨੂੰ ਆਪਣਾ ਤਨ, ਮਨ, ਧੰਨ ਸੌਂਪ ਕੇ ਗੁਰੂ ਦੇ ਹੁਕਮ ਦੀ ਉਡੀਕ ਵਿੱਚ ਰਹਿੰਦੇ ਹਨ। ਜੇ ਕਿਤੇ ਮਹਾਰਾਜਾ ਰਣਜੀਤ ਸਿੰਘ ਅਸਲੀ ਕੋਹੇਨੂਰ ਹੀਰੇ, ਸਰਦਾਰ ਹਰੀ ਸਿੰਘ ਨਲੂਏ ਦੀ ਗੱਲ ਮੰਨ ਕੇ ਬ੍ਰਾਹਮਣਵਾਦੀ ਡੋਗਰਿਆਂ ਨੂੰ ਪਰੇ ਕਰ ਦਿੰਦਾ ਤਾਂ ਰਣਜੀਤ ਸਿੰਘ ਦੇ ਵਾਰਸਾਂ ਦਾ ਇਉਂ ਦਰਦਨਾਕ ਕਤਲ ਨਾਂ ਹੁੰਦਾ। ਰਾਜ ਵੀ ਸਦੀਵੀਂ ਰਹਿੰਦਾ। ਇਸ ਤੋਂ ਵੀ ਹੋਰ ਚੰਗਾ ਹੁੰਦਾ ਜੇ ਮਹਾਰਾਜਾ ਬਾਬੇ ਨਾਨਕ ਜੀ ਦੇ ਪਹਿਲੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਚੱਲਦਾ ਤਾਂ ਮਹਾਰਾਜੇ ਦੀ ਮੱਤ ਰਤਨ ਜਵਾਹਰਾਂ ਅਤੇ ਮਾਣਕਾ ਨਾਲ਼ ਭਰ ਜਾਣੀ ਸੀ।"

ਗੁਰਮੇਲ ਸਿੰਘ ਖਾਲਸਾ
9914701469
ਗਿਆਸਪੁਰਾ, ਲੁਧਿਆਣਾ



ਧਰਤੀ ਦੇ ਹੇਠ ਜਦੋਂ ਧਾਤਾਂ-ਅਧਾਤਾਂ ਤੇ 45 ਤੋਂ 60 ਕਿਲੋਬਾਰ ਦਾ ਦਬਾਓਪ ੈਂਦਾਹ ੈਤ ਾਂ ਇਹਧ ਾਤਾਂਅ ਤੇਅ ਧਾਤਾਂ ਇਕੱਠੀਆਂਹ ੋਕ ੇ ਪਿਘਲਣ ਲੱਗਦੀਆਂ ਹਨ। ਇਹ ਕ੍ਰਿਆ ਧਰਤੀ ਦੇ ਹੇਠ 140 ਤੋਂ 400 ਕਿਲੋਮੀਟਰ ਦੀ ਡੂੰਘਾਈ ਤੇ ਹੁੰਦੀ ਹੈ। ਇਹਨਾਂ ਪਿਘਲੇ ਹੋਏ ਪਦਾਰਥਾਂ ਨੂੰ ਮੈਗਮਾਂ ਕਿਹਾ ਜਾਂਦਾ ਹੈ। ਇਸ ਮੈਗਮਾਂ ਦਾ ਤਾਪਮਾਨ 900 ਤੋਂ 1300 ਡਿਗਰੀ ਸੈਲਸੀਅਸ ਹੁੰਦਾ ਹੈ। ਧਰਤੀ ਦੀਆਂ ਕੁੱਝ ਏਹੋ ਜਿਹੀਆਂ ਥਾਵਾਂ ਹੁੰਦੀਆਂ ਹਨ ਜਿਥੋਂ ਇਹ ਮੈਗਮਾਂ ਲਾਵਾ ਬਣ ਕੇ ਫੁੱਟਦਾ ਹੈ। ਇਹਨਾਂ ਬਾਹਰ ਡਿਗੇ ਹੋਏ ਮੈਗਮਾਂ ਦੇ ਪਦਾਰਥਾ ਵਿੱਚ ਕਦੇ ਕਦੇ ਹੀਰੇ ਭੀ ਹੁੰਦੇ ਹਨ। ਇਸ ਤਰ੍ਹਾਂ ਦੇ ਲਾਵਿਆਂ ਵਿੱਚੋਂ ਨਿਕਲਿਆ ਸੱਭ ਤੋਂ ਵਧੀਆ ਹੀਰਾ ਕੋਹੇਨੂਰ ਹੈ।ਦ_ਨੀਆਂ ਵੱਚਅ ੱਜਤ ੱਕਾ ਇਸਤ ੋਂ ਵਧੀਆ ਹੀਰਾ ਨਹੀਂ ਹੈ। ਇਸ ਦਾ ਰੰਗ ਸਾਫ ਤੇ ਪਾਰਦਰਸ਼ੀ ਹੈ। ਇਹੀ ਇਸ ਦੀ ਅਲੱਗ ਪਹਿਚਾਣ ਹੈ। ਇਹ ਹੀਰਾ ਭਾਰਤ ਦੇ ਮੁਗਲ ਰਾਜਿਆਂ ਦੇ ਖਜ਼ਾਨਿਆਂ ਵਿੱਚ 1739 ਤੱਕ ਬੇਨਾਮੀ ਦੀ ਹਾਲਤ ਵਿੱਚ ਪਿਆ ਰਿਹਾ। ਜਦੋਂ ਅਹਿਮਦ ਸ਼ਾਹ ਅਬਦਾਲੀ ਦੇ ਪੁੱਤਰ ਨਾਦਰ ਸ਼ਾਹ ਨੇ ਮੁਗਲ ਬਾਦਸ਼ਾਹ ਦੇ ਖਜਾਨੇ ਵਿੱਚ ਚਮਕਾ ਮਾਰਦਾ ਇਹ ਹੀਰਾ ਦੇਖਿਆ ਤਾਂ ਨਾਦਰ ਸ਼ਾਹ ਦੇ ਮੂੰਹੋਂ ਸੁੱਤੇ ਸਿੱਧ ਹੀ ਇਹ ਨਿਕਲਿਆ, 'ਵਲੱਹ ਈ ਕੋਹੇਨੂਰ ਅਸਤ' ਇਸ ਦਾ ਮਤਲਬ ਹੈ, ਵਾਹ! ਚਾਨਣ ਦਾ ਪਹਾੜ ਉਸ ਸਮੇਂ ਤੋਂ ਹੀ ਇਸ ਦਾ ਨਾਉਂ ਕੋਹੇਨੂਰ ਹੀਰਾ ਪੈ ਗਿਆ। ਨਾਦਰ ਸ਼ਾਹ ਇਸ ਹੀਰੇ ਨੂੰ ਭਾਰਤ ਦੇ ਮੁਗਲ ਖਜ਼ਾਨੇ ਵਿੱਚੋਂ ਲੁੱਟ ਕੇ ਕਾਬਲ ਲੈ ਗਿਆ।

15 ਦਸੰਬਰ 1525 ਨੂੰ ਬਾਬਰ ਨੇ ਭਾਰਤ ਤੇ ਹਮਲਾ ਕੀਤਾ। 20 ਅਪਰੈਲ 1526 ਨੂੰ ਬਾਬਰ ਦਾ ਦਿੱਲੀ ਤੇ ਕਬਜ਼ਾ ਹੋ ਗਿਆ। ਬਾਬਰ ਕਾਬਲ ਦਾ ਸੀ। ਦਿੱਲੀ ਦੇ ਤਖਤ ਤੇ ਇਬਰਾਹੀਮ ਲੋਧੀ ਸੀ, ਉਹ ਪਾਣੀਪਤ ਦੀ ਲੜਾਈ ਵਿੱਚ ਮਾਰਿਆ ਗਿਆ। ਇਬਰਾਹੀਮ ਲੋਧੀ ਦਾ ਪਰਿਵਾਰ ਅਤੇ ਖਜ਼ਾਨਾ ਆਗਰੇ ਕਿਲੇ ਵਿੱਚ ਸੀ। ਬਾਬਰ ਨੇ ਫੌਰਨ ਆਪਣੇ ਪੁੱਤਰ ਹਿੰਮਾਯੂ ਨੂੰ ਆਗਰੇ ਦੇ ਕਿਲ੍ਹੇ ਤੇ ਕਬਜ਼ਾ ਕਰਨ ਲਈ ਹੁਕਮ ਦਿੱਤਾ। ਜਦੋਂ ਹਿੰਮਾਯੂ ਨੇ ਆਗਰੇ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ ਤਾਂ ਇਬਰਾਹੀਮ ਲੋਧੀ ਦੀ ਮਾਂ ਨੇ ਸਾਰਿਆਂ ਦੀ ਜਾਨ ਬਖਸ਼ੀ ਲਈ ਹਿਮਾਯੂ ਨੂੰ ਇੱਕ ਡੱਬੀ ਭੇਂਟ ਕੀਤੀ। ਉਸ ਡੱਬੀ ਵਿੱਚ ਕੋਹੇਨੂਰ ਹੀਰਾ ਸੀ। ਹਿੰਮਾਯੂ ਨੇ ਇਹ ਹੀਰਾ ਦਿੱਲੀ ਆਪਣੇ ਪਿਤਾ ਬਾਬਰ ਨੂੰ ਭੇਂਟ ਕੀਤਾ। ਹੀਰਾ ਦੇਖ ਕੇ ਬਾਬਰ ਬਹੁਤ ਖੁਸ਼ ਹੋਇਆ। ਉਦੋਂ ਤੋਂ ਇਹ ਹੀਰਾ ਮੁਗਲ ਖਜ਼ਾਨੇ ਦਾ ਸ਼ਿੰਗਾਰ ਬਣਿਆ। ਇਸ ਹੀਰੇ ਦਾ ਵਜ਼ਨ ਕੀਤਾ ਗਿਆ। ਇਸ ਦਾ ਵਜ਼ਨ 320 ਰੱਤੀ ਸੀ। ਰੱਤੀ ਇੱਕ ਬੂਟੀ ਦਾ ਬੀਜ ਹੁੰਦਾ ਹੈ। ਇਸ ਦਾ ਰੰਗ ਸੁਰਖ ਲਾਲ ਅਤੇ

ਮੂੰਹ ਕਾਲ਼ਾ ਹੁੰਦਾ ਹੈ। ਇਹ ਭਾਰਤੀ ਤੋਲ ਦੀ ਮੁਢਲੀ ਇਕਾਈ ਸੀ ਤੇ ਹੈ। ਅਫੀਮ ਦੇ ਬੀਜ਼ ਨੂੰ ਖਸਖਸ ਕਿਹਾ ਜਾਂਦਾ ਹੈ। ਦੇਸੀ ਤੋਲ ਇਸ ਤਰ੍ਹਾਂ ਹੁੰਦਾ ਹੈ :- ਅੱਠ ਖਸਖਸ ਦੇ ਦਾਨਿਆ ਦਾ ਇੱਕ ਚੌਲ਼ ਬਣਦਾ ਹੈ। ਅੱਠ ਚੌਲ਼ਾਂ ਦੇ ਦਾਨਿਆਂ ਦੀ ਇੱਕ ਰੱਤੀ। ਅੱਠ ਰੱਤੀਆਂ ਦੀ ਇੱਕ ਮਾਸਾ। ਬਾਰਾਂ ਮਾਸਿਆਂ ਦਾ ਇੱਕ ਤੋਲ ਜਾਂ ਤੋਲ਼ਾ ਹੁੰਦਾ ਹੈ। ਇਸ ਹਿਸਾਬ ਨਾਲ਼ ਇਕ ਮਾਸਾ ਇੱਕ ਗਰਾਮ ਦਾ ਹੋਇਆ। ਕੋਹੇਨੂਰ ਹੀਰੇ ਦਾ ਉਦੋਂ ਵਜ਼ਨ 320 ਰੱਤੀਆਂ ਸੀ ਜਾਣੀ ਕੇ ਕੋਹੇਨੂਰ ਹੀਰੇ ਦਾ ਵਜ਼ਨ 40 ਗ੍ਰਾਮ ਬਣਦਾ ਹੈ।

ਮੁਗਲਾਂ ਦੇ ਖਜ਼ਾਨੇ ਵਿੱਚ ਹੋਰ ਵੀ ਹੀਰੇ ਸਨ ਜਿਵੇਂ ਕਿ ਇੱਕ ਹੀਰੇ ਦਾ ਨਾਮ ਮੁਗਲ ਵੀ ਸੀ, ਜੋ ਕਿ 900 ਰੱਤੀਆਂ ਦਾ ਸੀ। ਇੱਕ ਦਰਿਆਈ ਨੂਰ ਵੀ ਸੀ, ਜੋ ਕਿ 290 ਰੱਤੀਆਂ ਦਾ ਸੀ। ਇਸ ਤਰ੍ਹਾਂ ਦੇ ਕੀਮਤੀ ਹੀਰਿਆ ਕਰਕੇ ਹੀ ਭਾਰਤ ਨੂੰ ਸੋਨੇ ਦੀ ਚਿੜੀ ਕਹਿੰਦੇ ਸਨ। ਇਹ ਮੁਗਲਾਂ ਦਾ ਖਜ਼ਾਨਾ ਔਰੰਗਜ਼ੇਬ ਤੱਕ ਸਹੀ ਸਲਾਮਤ ਰਿਹਾ। ਰਾਜ ਦਾ ਫੈਲਾਉ ਹੋ ਗਿਆ। ਔਰੰਗਜ਼ੇਬ ਦੇ ਵਾਰਸਾਂ ਤੋਂ ਰਾਜ ਸੰਭਾਲ਼ਿਆਂ ਨਾ ਗਿਆ। ਇੱਕ ਪਾਸਿਓਂ ਅੰਗਰੇਜ਼ਾਂ ਦਾ ਦਬਾਓ ਸੀ ਦੂਜੇ ਪਾਸਿਓਂ ਦੇਸੀ ਰਾਜਿਆਂ ਦੀ ਬਗਾਵਤ ਕਰਕੇ ਰਾਜ ਭਾਗ ਖਿੰਡ-ਪੁੰਡ ਗਿਆ। ਅਫਗਾਨ ਲੁਟੇਰੇ ਅਹਿਮਦ ਸ਼ਾਹ ਅਬਦਾਲੀ ਅਤੇ ਉਸ ਦੇ ਪੁੱਤਰ ਨਾਦਰ ਸ਼ਾਹ ਨੇ ਭਾਰਤ ਵਿੱਚ ਲੁੱਟ ਮਾਰ ਸ਼ੁਰੂ ਕਰ ਦਿੱਤੀ। ਬੇਸ਼ੱਕ ਜਦੋਂ ਇਹ ਲੁਟੇਰੇ ਪੰਜਾਬ ਵਿੱਚ ਦੀ ਲੰਘਦੇ ਸਨ ਤਾਂ ਰਸਤੇ ਵਿੱਚ ਇਹਨਾਂ ਚੋਰਾਂ ਤੇ ਮੋਰ ਪੈ ਜਾਂਦੇ। ਸਿੱਖ ਇਹਨਾਂ ਨੂੰ ਵੀ ਲੁੱਟ ਲੈਂਦੇ। ਇਸ ਨਾਲ਼ ਸਿੰਘਾਂ ਦੀ ਮਾਇਕ ਹਾਲਤ ਚੰਗੀ ਹੋ ਗਈ ਸੀ। ਮੁਗਲਾਂ ਦਾ ਖਜ਼ਾਨਾ ਜਿਸ ਦੇ ਭੀ ਹੱਥ ਲੱਗਿਆ ਉਸ ਨੇ ਖੈਰ ਨਹੀਂ ਕੀਤੀ। ਨਾਦਰ ਸ਼ਾਹ ਤੋਂ ਬਾਅਦ ਕਾਬਲ ਦੀ ਗੱਦੀ ਤੇ ਉਸ ਦਾ ਵੱਡਾ ਪੁੱਤਰ ਸ਼ਾਹ ਜਮਾਨ ਬੈਠਾ। ਸ਼ਾਹ ਜ਼ਮਾਨ ਦੀ ਉਮਰ ਤੇਈ ਸਾਲਾਂ ਦੀ ਸੀ। ਲਹੌਰ ਤੇ ਵੀ ਉਸਦਾ ਕਬਜ਼ਾ ਸੀ। ਸਿੱਖਾਂ ਦੀਆਂ 12 ਮਿਸਲਾਂ ਨੇ ਸ਼ਾਹ ਜ਼ਮਾਨ ਦੇ ਨੱਕ ਵਿਚ ਦਮ ਕਰ ਰੱਖਿਆ ਸੀ। ਸ਼ਾਹ ਜ਼ਮਾਨ ਪਹਿਲ ਦੇ ਅਧਾਰ ਤੇ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਚਾਹੁੰਦਾ ਸੀ। ਇਧਰ ਸਿੱਖਾਂ ਨੇ ਵੀ ਸਰਬੱਤ ਖਾਲਸਾ ਬੁਲਾ ਕੇ, ਕੁੱਝ ਮਿਸਲ਼ਾ ਨੇ ਇਕੱਠੀਆਂ ਹੋ ਕੇ, ਆਪਣੀ ਸ਼ਕਤੀ ਨੂੰ ਵਧਾ ਲਿਆ ਸੀ। ਰਣਜੀਤ ਸਿੰਘ ਨੂੰ ਉਹਨਾਂ ਆਪਣਾ ਆਗੂ ਬਣਾ ਲਿਆ ਸੀ। 12-01-1797 ਨੂੰ ਸ਼ਾਹ ਜਮਾਨ ਨੇ ਪੰਜਾਬ ਤੇ ਇੱਕ ਜ਼ੋਰਦਾਰ ਹਮਲਾ ਕੀਤਾ। ਸਿੱਖਾਂ ਨੇ ਵੀ ਆਪਣੀ ਪੂਰੀ ਸ਼ਕਤੀ ਨਾਲ਼ ਟਾਕਰਾ ਕੀਤਾ। ਸ਼ਾਹ ਜ਼ਮਾਨ ਨੇ ਲਹੌਰ ਦੇ ਸੰਮਣ ਬੁਰਜ ਵਿੱਚ ਸ਼ਰਨ ਲੈ ਲਈ ਅਤੇ ਦੜ ਵੱਟ ਕੇ ਬੈਠ ਗਿਆ। ਇਧਰ ਰਣਜੀਤ ਸਿੰਘ ਸ਼ਾਹ ਜ਼ਮਾਨ ਨੂੰ ਇਉਂ ਵੰਗਾਰ ਰਿਹਾ ਸੀ , 'ਨਿਕਲ਼ ਓਏ! ਅਬਦਾਲੀ ਦੇ ਪੋਤਰਿਆ, ਤੈਨੂੰ ਚੜਤ ਸਿੰਘ ਦਾ ਪੋਤਰਾ ਵੰਗਾਰ ਰਿਹਾ ਹੈ। ਰਣਜੀਤ ਸਿੰਘ ਨੇ ਗੋਲ਼ੀਆਂ ਚਲਾਈਆਂ। ਸ਼ਾਹ ਜ਼ਮਾਨ ਮੌਕਾ ਤਾੜ ਕੇ ਆਪਣੀ ਜਾਨ ਬਚਾ ਕੇ ਕਾਬਲ ਨੂੰ ਭੱਜ ਗਿਆ। ਇਸ ਲੜਾਈ ਵਿੱਚ ਸ਼ਾਹ ਜਮਾਨ ਦੇ 20 ਹਜ਼ਾਰ ਅਫਗਾਨ ਫੌਜੀ ਮਾਰੇ ਗਏ ਅਤੇ 15 ਹਜ਼ਾਰ ਰਣਜੀਤ ਸਿੰਘ ਦੇ ਸਿਪਾਹੀ ਵੀ ਮਾਰੇ ਗਏ। ਰਣਜੀਤ ਸਿੰਘ ਨੇ 15 ਹਾੜ 1856 ਸੰਮਤ ਜਾਣੀ 27 ਜੂਨ 1799 ਨੂੰ ਲਾਹੌਰ ਤੇ ਪੂਰਨ ਕਬਜ਼ਾ ਕਰ ਲਿਆ। 12-04-1801 ਵਿਸਾਖੀ ਵਾਲ਼ੇ ਦਿਨ ਨੂੰ ਇੱਕ ਸ਼ਾਨਦਾਰ ਦਰਬਾਰ ਸਜਾਇਆ ਗਿਆ। ਬਾਬਾ ਸਾਹਿਬ ਸਿੰਘ ਬੇਦੀ ਨੇ ਰਾਜ ਤਿਲਕ ਲਗਾਇਆ ਅਤੇ ਰਣਜੀਤ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਘੋਸ਼ਿਤ ਕੀਤਾ ਗਿਆ। ਅਗਲੇ 10 ਸਾਲ ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਪੱਕਿਆਂ ਕੀਤਾ। ਜਨਵਰੀ 1812 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ



ਆਲ਼ੇ ਦੁਆਲ਼ੇ ਦੇ ਸਾਰੇ ਰਾਜਿਆਂ ਨੂੰ ਮਹਾਰਾਜ ਖੜਕ ਸਿੰਘ ਦੇ ਵਿਆਹ ਤੇ ਆਉਣ ਲਈ ਸੱਦੇ ਪੱਤਰ ਭੇਜੇ। ਇੱਕ ਸੱਦਾ ਪੱਤਰ ਸ਼ਾਹ ਜ਼ਮਾਨ ਨੂੰ ਕਾਬਲ ਵਿੱਚ ਭੀ ਭੇਜਿਆ ਗਿਆ ਪਰ ਸ਼ਾਹ ਜਮਾਨ ਨਾਂ ਆਇਆ।

1810 ਨੂੰ ਕਾਬਲ ਅੰਦਰ ਭਰਾਵਾਂ ਵਿੱਚ ਜੰਗ ਛਿੜ ਗਈ। ਸ਼ਾਹ ਜ਼ਮਾਨ ਅਤੇ ਸ਼ਾਹ ਸੁਜਾਹ ਸਕੇ ਭਾਈ ਸਨ। ਸ਼ਾਹ ਮਹਿਮੂਦ, ਸ਼ਾਹ ਜ਼ਮਾਨ ਦਾ ਮਤਰੇਆ ਭਾਈ ਸੀ। ਸ਼ਾਹ ਮਹਿਮੂਦ ਨੇ ਸ਼ਾਹ ਸੁਜਾਹ ਨਾਲ਼ ਗੱਠਜੋੜ ਕਰਕੇ ਸ਼ਾਹ ਜ਼ਮਾਨ ਨੂੰ ਕਾਬਲ ਦੀ ਗੱਦੀ ਤੋਂ ਲਾਹ ਦਿੱਤਾ ਅਤੇ ਸ਼ਾਹ ਸੁਜਾਹ ਨੂੰ ਕਾਬਲ ਦੀ ਗੱਦੀ ਤੇ ਬਠਾ ਦਿੱਤਾ। ਕਾਬਲ ਦੀ ਗੱਦੀ ਤੋਂ ਲਹਿੰਦੇ ਸਾਰ ਉਹ ਮਹਾਰਾਜਾ ਰਣਜੀਤ ਸਿੰਘ ਦੀ ਮੱਦਦ ਲੈਣ ਲਾਹੌਰ ਪਹੁੰਚ ਗਿਆ। ਉਸ ਨੇ ਕਾਬਲ ਤੇ ਹਮਲਾ ਕਰਨ ਲਈ ਕਿਹਾ। ਰਣਜੀਤ ਸਿੰਘ ਨੂੰ ਪਤਾ ਸੀ ਕਿ ਅਜੇ ਕਾਬਲ ਤੇ ਹਮਲਾ ਕਰਨਾ ਭਰਿੰਡਾਂ ਦੇ ਖੱਖਰ ਨੂੰ ਛੇੜਨਾ ਹੈ। ਰਣਜੀਤ ਸਿੰਘ ਨੇ ਨਾਂਹ ਕਰ ਦਿੱਤੀ। ਸ਼ਾਹ ਜ਼ਮਾਨ ਨੇ ਫਿਰ ਕਿਹਾ ਚਲੋ ਠੀਕ ਹੈ, ਪਰ ਜਦੋਂ ਉਹਨਾਂ ਦਾ ਪਰਿਵਾਰ ਆਵੇ ਤਾਂ ਉਸਨੂੰ ਸ਼ਰਨ ਜ਼ਰੂਰ ਦੇ ਦੇਣਾ। ਇਸ ਕੰਮ ਲਈ ਰਣਜੀਤ ਸਿੰਘ ਨੇ ਹਾਂ ਕਰ ਦਿਤੀ। ਸ਼ਾਹ ਜ਼ਮਾਨ ਕਾਬਲ ਵਾਪਿਸ ਚਲਾ ਗਿਆ। ਓਧਰੋਂ ਸ਼ਾਹ ਸੁਜਾਹ ਨੇ ਸ਼ਾਹ ਜਮਾਨ ਦੀ ਪਟਰਾਣੀ ਵਫਾ ਬੇਗਮ ਨੂੰ ਕੋਹੇਨੂੰਰ ਹੀਰਾ, ਹੋਰ ਬਹੁਤ ਸਾਰਾ ਕੀਮਤੀ ਸਮਾਨ ਅਤੇ ਅੰਗ ਰੱਖਿਅਕ ਦੇ ਕੇ ਲਾਹੌਰ ਭੇਜ ਦਿੱਤਾ। ਵਾਪਿਸ ਆਉਂਦੇ ਸ਼ਾਹ ਜਮਾਨ ਨੂੰ ਕਸ਼ਮੀਰ ਦੇ ਗਵਰਨਰ ਨੇ ਗ੍ਰਿਫਤਾਰ ਕਰਕੇ ਕਸ਼ਮੀਰ ਦੇ ਸੇਰਗੜ ਕਿਲ੍ਹੇ ਵਿੱਚ ਬੰਦ ਕਰ ਦਿੱਤਾ। ਵਫ਼ਾ ਬੇਗਮ ਲਾਹੌਰ ਪਹੁੰਚ ਗਈ। ਸ਼ਾਹ ਮਹਿਮੂਦ ਨੂੰ ਪਤਾ ਲੱਗ ਗਿਆ। ਰਣਜੀਤ ਸਿੰਘ ਨੇ ਸ਼ਾਹ ਜਮਾਨ ਦੇ ਟੱਬਰ ਦੀ ਸੋਹਣੀ ਆਉ ਭਗਤ ਕੀਤੀ। ਉਹਨਾਂ ਨੂੰ ਜਹਾਂਗੀਰ ਦੀ ਮੁਬਾਰਕ ਹਵੇਲੀ ਵਿੱਚ ਆਰਾਮ ਨਾਲ਼ ਠਹਿਰਨ ਲਈ ਕਿਹਾ। ਉਹਨਾਂ ਦੀ ਮਹਿਮਾਨ ਨਿਵਾਜੀ ਵਿੱਚ ਕੋਈ ਕਸਰ ਨਹੀਂ ਛੱਡੀ ਗਈ। ਵਫਾ ਬੇਗਮ ਨੇ ਮਹਾਰਾਜਾ ਰਣਜੀਤ ਸਿੰਘ ਨਾਲ਼ ਸਮਝੌਤਾ ਕੀਤਾ, ਜੇ ਉਹ (ਮਹਾਰਾਜਾ ਰਣਜੀਤ ਸਿੰਘ) ਆਪਣੇ ਤੌਰ ਤੇ ਕਸ਼ਮੀਰ ਵਿੱਚ ਨਜ਼ਰਬੰਦ ਸ਼ਾਹ ਜਮਾਨ ਨੂੰ ਛੁਡਾ ਕੇ ਲਿਆਵੇ ਤਾਂ ਉਹ ਦੁਨੀਆਂ ਦਾ ਸੋਹਣਾ ਕੋਹੇਨੂਰ ਹੀਰਾ ਦੇ ਦੇਵੇਗੀ। ਓਧਰ ਸ਼ਾਹ ਮਹਿਮੂਦ ਨੂੰ ਵੀ ਪਤਾ ਲੱਗ ਗਿਆ ਕਿ ਸਾਹ ਜ਼ਮਾਨ ਨੂੰ ਕਸ਼ਮੀਰ ਦੇ ਗਵਰਨਰ ਨੇ ਗ੍ਰਿਫਤਾਰ ਕਰ ਲਿਆ ਹੈ। ਉਸ ਨੇ ਵੀ ਆਪਣਾ ਵਜ਼ੀਰ ਫਤਿਹ ਖਾਂ ਰਣਜੀਤ ਸਿੰਘ ਕੋਲ਼ ਭੇਜਿਆ। ਉਸ ਨੇ ਵੀ ਕਸ਼ਮੀਰ ਤੇ ਹਮਲਾ ਕਰਨ ਲਈ ਇੱਕ ਸਮਝੌਤੇ ਦੀ ਪੇਸ਼ਕਸ਼ ਕੀਤੀ। ਸਮਝੌਤੇ ਮੁਤਾਬਕ ਕਾਬਲ ਦਾ ਖਜ਼ਾਨਾ ਕਸ਼ਮੀਰ ਦੇ ਗਵਰਨਰ ਕੋਲ਼ ਹੈ। ਉਹ ਉਸ ਖਜ਼ਾਨੇ ਦਾ ਅੱਧਾ ਹਿੱਸਾ

ਮਹਾਰਾਜਾ ਰਣਜੀਤ ਸਿੰਘ ਨੂੰ ਦੇਵੇਗਾ ਨਾਲ਼ 19 ਲੱਖ ਰੁਪੱਈਆ ਹੋਰ ਵੀ ਦੇਵੇਗਾ, ਜੇ ਉਹ ਵਜ਼ੀਰ ਫਤਿਹ ਖਾਂ ਨੂੰ ਕਸ਼ਮੀਰ ਉਪਰ ਕਬਜ਼ਾ ਕਰਨ ਲਈ ਮੱਦਦ ਕਰੇਗਾ। ਮਹਾਰਾਜਾ ਰਣਜੀਤ ਸਿੰਘ ਨੂੰ ਇਹ ਸਮਝੌਤਾ ਠੀਕ ਲੱਗਿਆ। ਇਸ ਨਾਲ਼ ਵਫਾ ਬੇਗਮ ਨਾਲ਼ ਕੀਤਾ ਇਕਰਾਰ ਵੀ ਪੂਰਾ ਹੁੰਦਾ ਦਿਖਾਈ ਦਿੱਤਾ। ਮਹਾਰਾਜਾ ਨੇ ਦੀਵਾਨ ਮੋਹਕਮ ਚੰਦ ਅਤੇ ਸਰਦਾਰ ਦਲ ਸਿੰਘ ਨੂੰ ਫੌਜਾਂ ਦੇ ਕੇ ਵਜੀਰ ਫਤਿਹ ਖਾਂ ਨਾਲ਼ ਦਸੰਬਰ 1812 ਨੂੰ ਕਸ਼ਮੀਰ ਤੇ ਹਮਲਾ ਕਰਨ ਲਈ ਭੇਜ ਦਿੱਤਾ। ਦੋਹਾਂ ਫੌਜਾਂ ਨੇ ਕਸ਼ਮੀਰ ਤੇ ਹਮਲਾ ਕਰ ਦਿੱਤਾ। ਦੀਵਾਨ ਮੋਹਕਮ ਚੰਦ ਨੂੰ ਪਹਿਲਾਂ ਸੂਹ ਮਿਲ਼ੀ ਕਿ ਸ਼ਾਹ ਜ਼ਮਾਨ ਕਿਲ੍ਹਾ ਸ਼ੇਰਗੜ ਵਿੱਚ ਕੈਦ ਹੈ ਅਤੇ ਸੂਹ ਦੇਣ ਵਾਲ਼ੇ ਨੇ ਕਿਲ੍ਹੇ ਵਿੱਚ ਵੜਨ ਦਾ ਰਸਤਾ ਵੀ ਦੱਸਿਆ। ਦੀਵਾਨ ਮੋਹਕਮ ਚੰਦ ਨੇ ਫੌਰਨ ਕਾਰਵਾਈ ਕਰਕੇ ਪਹਿਲਾਂ ਮਹਾਰਾਜੇ ਦੇ ਹੁਕਮ ਅਨੁਸਾਰ ਸ਼ਾਹ ਜਮਾਨ ਨੂੰ ਆਪਣੇ ਕਬਜ਼ੇ ਵਿੱਚ ਕੀਤਾ। ਉਸ ਦੀਆਂ ਸੰਗਲ਼ਾਂ ਵਾਲ਼ੀਆਂ ਬੇੜੀਆਂ ਵੀ ਕਿਤੇ ਦੂਰ ਜਾ ਕੇ ਕੱਟੀਆਂ ਗਈਆਂ। ਵਜ਼ੀਰ ਫਤਿਹ ਖਾਂ ਦਾ ਨਿਸ਼ਾਨਾ ਵੀ ਏਹੋ ਸੀ ਕਿ ਉਹ ਪਹਿਲਾਂ ਸ਼ਾਹ ਜ਼ਮਾਨ ਨੂੰ ਆਪਣੇ ਕਬਜ਼ੇ ਵਿੱਚ ਕਰੇ। ਜਦੋਂ ਉਸ ਨੂੰ ਇਹ ਪਤਾ ਲੱਗਿਆ ਕਿ ਸ਼ਾਹ ਜਮਾਨ ਨੂੰ ਤਾਂ ਰਣਜੀਤ ਸਿੰਘ ਦੀ ਫੌਜ ਲੈ ਗਈ। ਵਜ਼ੀਰ ਬਹੁਤ ਛੱਟਪਟਾਇਆ। ਬੇਸ਼ੱਕ ਉਸ ਨੇ ਕਸ਼ਮੀਰ ਆਪਣੇ ਅਧੀਨ ਕਰ ਲਿਆ ਸੀ ਪਰ ਉਹ ਆਪਣੇ ਕੀਤੇ ਵਾਅਦੇ ਤੋਂ ਮੁਕਰ ਗਿਆ। ਇਸ ਲੜਾਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਬਹੁਤ ਸਾਰੇ ਜਵਾਨ ਮਾਰੇ ਗਏ। ਬਹੁਤ ਸਾਰਾ ਧਨ ਬਰਬਾਦ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਜ਼ਮਾਨ ਨੂੰ ਰਾਜਿਆਂ ਦੀ ਤਰ੍ਹਾਂ ਸਜਾ ਕੇ ਉਸ ਦੀ ਪਟਰਾਣੀ ਵਫ਼ਾ ਬੇਗਮ ਨੂੰ ਸੰਭਾਲ਼ ਦਿਤਾ। ਹੁਣ ਮਹਾਰਾਜਾ ਰਣਜੀਤ ਸਿੰਘ ਦੀ ਵਾਰੀ ਸੀ ਉਹਨਾਂ ਤੋਂ ਕੋਹੇਨੂਰ ਹੀਰਾ ਲੈਣ ਦੀ। ਮਹਾਰਾਜੇ ਨੇ ਵਾਅਦੇ ਅਨੁਸਾਰ ਕੋਹੇਨੂਰ ਹੀਰੇ ਦੀ ਮੰਗ ਕੀਤੀ। ਉਹਨਾਂ ਟਾਲ਼ ਮਟੋਲ਼ ਕੀਤੀ। ਕਦੇ ਕਹਿਣ ਕਿ ਕੋਹੇਨੂਰ ਹੀਰਾ ਪੇਸ਼ਾਵਰ ਦੇ ਕਿਸੇ ਜੌਹਰੀ ਕੋਲ਼ ਗਹਿਣੇ ਰੱਖਿਆ ਹੋਇਆ ਹੈ। ਕਦੇ ਕਹਿਣ ਕਿ ਰਾਸਤੇ ਵਿੱਚ ਕਿਤੇ ਡਿਗ ਪਿਆ। ਕਦੇ ਕੋਈ ਹੋਰ ਹੀ ਹੀਰਾ ਦਿਖਾਈ ਜਾਣ ਅਤੇ ਕਹਿਣ ਏਹੋ ਕੋਹੇਨੂਰ ਹੀਰਾ ਹੈ। ਮਹਾਰਾਜਾ ਉਹਨਾਂ ਦੀਆਂ ਚਲਾਕੀਆਂ ਤੇ ਸ਼ਾਂਤ ਚਿੱਤ ਰਿਹਾ। ਜਦੋਂ ਸਾਰੇ ਹੀਲੇ ਫੇਲ ਹੋ ਗਏ ਤਾਂ ਉਹਨਾਂ ਦਾ ਰਾਸ਼ਣ ਪਾਣੀ ਕੈਦੀਆਂ ਵਾਲ਼ਾ ਕਰ ਦਿਤਾ ਅਤੇ ਸਲੂਕ ਵੀ ਸ਼ਾਹੀ ਮਹਿਮਾਨਾ ਤੋਂ ਕੈਦੀਆਂ ਵਾਲ਼ਾ ਕਰ ਦਿੱਤਾ। ਸ਼ਾਹ ਜਮਾਨ ਹੋਣਾ ਕੋਲ਼ ਹੁਣ ਕੋਈ ਚਾਰਾ ਨਹੀਂ ਸੀ। ਅਖੀਰ ਉਹਨਾਂ ਕੋਹੇਨੂਰ ਹੀਰਾ ਦੇਣ ਲਈ ਮਨ ਬਣਾ ਲਿਆ। ਉਹਨਾਂ ਹੀਰਾ ਦੇਣ ਦੀ ਤਾਰੀਖ 1 ਜੂਨ 1813 ਨੂੰ ਮਿੱਥ ਦਿਤੀ। ਮਹਾਰਾਜਾ ਰਣਜੀਤ ਸਿੰਘ ਕੋਹੇਨੂਰ ਹੀਰੇ ਦੀ ਪ੍ਰਾਪਤੀ ਲਈ ਬਰਾਤ ਦੀ ਤਰ੍ਹਾਂ 600 ਸਿਪਾਹੀ ਲੈ ਕੇ ਢੋਲ਼ ਢਮੱਕੇ ਨਾਲ਼ ਗਿਆ। ਉਹਨਾਂ ਵੀ 1 ਜੂਨ 1823 ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਇੱਜ਼ਤ ਨਾਲ਼ ਹੀਰਾ ਭੇਂਟ ਕਰ ਦਿਤਾ। ਮਹਾਰਾਜ਼ਾ ਬਹੁਤ ਖੁਸ਼ ਹੋਇਆ। ਉਸਨੇ ਕੋਹੇਨੂਰ ਹੀਰਾ ਆਪਣੀ ਸੁਜਾਖੀ ਅੱਖ ਨਾਲ਼ ਕਈ ਵੇਰ ਘੁੰਮਾ-ਘੁੰਮਾ ਕੇ ਦੇਖਿਆ। ਸ਼ਾਹ ਜਮਾਨ ਬਹੁਤ ਦੁਖੀ ਹੋਇਆ। ਸ਼ਾਹ ਜ਼ਮਾਨ ਜ਼ਹਾਗੀਰ ਦੀ ਮੁਬਾਰਕ ਹਵੇਲੀ ਦਾ ਭੇਤੀ ਸੀ। ਕਿਸੇ ਰਸਤਿਓਂ ਨਿਕਲ਼ ਕੇ ਟੱਬਰ ਸਮੇਤ ਲੁਧਿਆਣੇ ਅੰਗਰੇਜ਼ਾਂ ਦੀ ਸ਼ਰਨ ਵਿਚ ਚਲਾ ਗਿਆ।

ਸ਼ਾਹ ਜ਼ਮਾਨ ਨੇ ਆਪਣੀ ਸਾਰੀ ਕਹਾਣੀ ਅੰਗਰੇਜ਼ਾਂ ਨੂੰ ਸੁਣਾਈ। ਅੰਗਰੇਜ਼ਾਂ ਨੂੰ ਰਣਜੀਤ ਸਿੰਘ ਦੇ ਖ਼ਜ਼ਾਨੇ ਬਾਰੇ ਦੱਸਿਆ। ਉਸ ਦੀ ਫੌਜ ਬਾਰੇ ਦੱਸਿਆ। ਰਣਜੀਤ ਸਿੰਘ ਦਾ ਰਾਜ ਲੈਣ ਲਈ ਤਰੀਕੇ ਦੱਸੇ ਪਰ ਅੰਗਰੇਜ਼ 25 ਅਪ੍ਰੈਲ 1809 ਨੂੰ ਅੰਮ੍ਰਿਤਸਰ ਦੀ ਸੰਧੀ ਕਰ ਬੈਠੇ ਸਨ। ਉਸ ਅਨੁਸਾਰ ਦੋਹਾਂ ਦੀ ਪੱਕੀ ਮਿੱਤਰਤਾ ਦੀ ਗੱਲ ਪਹਿਲ ਦੇ ਅਧਾਰਤ ਸੀ। ਫਿਰ ਵੀ ਅੰਗਰੇਜ਼ਾਂ ਨੇ ਲਾਲਚ ਵੱਸ ਅਤੇ ਵਧੀਆ ਖਜ਼ਾਨੇ ਬਾਰੇ ਲਲਚਾ ਕੇ ਰਣਜੀਤ ਸਿੰਘ ਨਾਲ਼ ਵਿਸ਼ਵਾਸ਼ ਘਾਤ ਕਰਨ ਲਈ ਗੋਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਜੋ ਕੁੱਝ ਸ਼ਾਹ ਜਮਾਨ ਨੇ ਦੱਸਿਆ ਸੀ, ਉਹ ਤਾਂ ਪਹਿਲਾਂ ਹੀ ਸਰਦਾਰ ਖੜਕ ਸਿੰਘ ਦੇ ਵਿਆਹ ਵੇਲ਼ੇ ਅੰਗਰੇਜ਼ ਅਫਸਰ ਅਖਤਰ ਲੋਨੀ ਨੂੰ ਮਹਾਰਾਜੇ ਨੇ ਬਿਨ੍ਹਾਂ ਡਰ ਦਿਖਾ ਦਿੱਤਾ ਸੀ। ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲੈਣ ਲਈ ਸ਼ਾਜਿਸ਼ਾਂ ਸ਼ੁਰੂ ਕਰ ਦਿੱਤੀਆਂ। ਸੂਹੀਏ ਛੱਡੇ ਗਏ। ਅਖੀਰ 27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਕੋਹੇਨੂਰ ਹੀਰਾ ਆਦਿ ਸਾਰਾ ਕੁੱਝ ਛੱਡ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਮਹਾਰਾਜੇ ਦੇ ਪਾਲ਼ੇ ਹੋਏ ਮੰਤਰੀਆਂ ਆਦਿ ਨੇ ਹੀ ਖਜ਼ਾਨਾ ਲੁੱਟਣ ਲਈ ਮਹਾਰਾਜੇ ਦੇ ਵਾਰਸਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਇਹਨਾਂ ਵਿੱਚ ਅੰਗਰੇਜ਼ਾਂ ਦਾ ਪੂਰਾ-ਪੂਰਾ ਹੱਥ ਸੀ। ਸਿੱਧੀ ਜੰਗ ਛਿੜ ਗਈ। ਵਿਸ਼ਵਾਸ਼ ਘਾਤ ਅਤੇ ਸ਼ਾਜਿਸ਼ਾਂ ਉਪਰੰਤ ਵੀ ਅੰਗਰੇਜ਼ਾਂ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ। ਇਸ ਸਬੰਧੀ ਸਾਹ ਮੁਹੰਮਦ ਲਿਖਦਾ ਹੈ :-

**ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,**
**ਤੁਸਾਂ ਲਾਜ਼ ਅੰਗਰੇਜ਼ ਦੀ ਰੱਖਣੀ ਜੀ।**
**ਸਿੰਘਾਂ ਮਾਰ ਕੇ ਕਟਕ ਮੁਕਾਏ ਦਿਤੇ,**
**ਹਿੰਦੋਸਤਾਨੀ ਤੇ ਪੂਰਬੀ ਦੱਖਣੀ ਜੀ।**
**ਨੰਦਨ ਟਾਪੂਆਂ ਵਿੱਚ ਕੁਰਲਾਹਟ ਹੋਈ,**
**ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।**
**ਸ਼ਾਹ ਮੁਹੰਮਦਾ ਲਾਟ ਹੁਣ ਕਹਿਣ ਲੱਗਾ,**
**ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ।**

ਬੇਸ਼ੱਕ ਅੰਗਰੇਜ਼ਾਂ ਨੇ ਸਿੱਖ ਰਾਜ ਨੂੰ ਹੜੱਪਣ ਲਈ ਰਣਜੀਤ ਸਿੰਘ ਦੇ ਆਲ਼ੇ ਦੁਆਲ਼ੇ ਡੋਗਰੇ ਰੂਪੀ ਘਾਹ ਦੇ ਸੱਪ ਛੱਡੇ ਹੋਏ ਸਨ, ਫਿਰ ਵੀ ਸਿੱਖ ਫੌਜਾਂ ਨੇ ਅੰਗਰੇਜ਼ਾਂ ਨੂੰ ਦਿਨੇ ਤਾਰੇ ਦਿਖਾ ਦਿਤੇ। ਅਖੀਰ ਵਿੱਚ ਸ਼ਾਹ ਮੁਹੰਮਦ ਲਿਖਦਾ ਹੈ :-

**ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,**
**ਦੋਵੇ ਪਾਤਿਸ਼ਾਹੀ ਫੌਜਾਂ ਭਾਰੀਆਂ ਨੀ,**
**ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,**
**ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।**
**ਸਣੇ ਆਦਮੀ ਗੋਲ਼ੀਆਂ ਨਾਲ਼ ਉੱਡਣ,**
**ਹਾਥੀ ਡਿਗਦੇ ਸਣੇ ਅੰਬਾਰੀਆਂ ਨੀ,**
**ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,**
**ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।**

ਅਖੀਰ 27 ਮਾਰਚ 1849 ਨੂੰ ਅੰਗਰੇਜ਼ਾਂ ਨੇ ਪੰਜਾਬ ਨੂੰ ਪੂਰਨ ਰੂਪ ਵਿੱਚ ਆਪਣੇ ਅਧੀਨ ਕਰ ਲਿਆ। ਰਣਜੀਤ ਸਿੰਘ ਦਾ ਖਜ਼ਾਨਾ ਦੇਖ ਕੇ ਅੰਗਰੇਜ਼ਾਂ ਦੀਆਂ ਅੱਖਾਂ ਫਟੀਆਂ ਦੀਆਂ ਫਟੀਆਂ ਰਹਿ ਗਈਆਂ। ਇਹ ਦੁਨੀਆਂ ਦਾ ਸਭ ਤੋਂ ਕੀਮਤੀ ਖਜ਼ਾਨਾ ਸੀ। ਸਭ ਤੋਂ ਪਹਿਲਾਂ ਅੰਗਰੇਜ਼ਾਂ ਨੇ ਕੋਹੇਨੂਰ ਹੀਰੇ ਨੂੰ ਹੀ ਸੰਭਾਲ਼ਿਆ। 6 ਅਪਰੈਲ 1850 ਨੂੰ ਇਹ ਹੀਰਾ ਇੰਗਲੈਂਡ ਭੇਜ ਦਿੱਤਾ ਗਿਆ। ਅੱਜਕਲ ਅੰਗਰੇਜ਼ਾਂ ਨੇ ਕਿਸੇ ਕਾਰਨ ਵੱਸ

ਇਸ ਕੋਹੇਨੂਰ ਹੀਰੇ ਦੇ ਦੋ ਟੋਟੇ ਕਰ ਕੇ ਸ਼ਕਲ ਬਦਲ ਦਿੱਤੀ ਹੈ। ਇੱਕ ਹਿੱਸਾ ਕਿਤੇ ਸੰਭਾਲ਼ ਲਿਆ ਅਤੇ ਦੂਜਾ ਹਿੱਸਾ ਬਰਤਾਨੀਆਂ ਦੀ ਮਲਕਾ ਦੇ ਤਾਜ ਵਿੱਚ ਜੜ ਦਿੱਤਾ। ਤਾਜ ਵਿੱਚ ਜੜੇ ਹੋਏ ਹੀਰੇ ਦਾ ਵਜ਼ਨ 21.1204 ਗ੍ਰਾਮ ਹੈ।

ਕੋਹੇਨੂਰ ਹੀਰਾ ਇੱਕ ਬੇਜਾਨ ਚਮਕਦਾਰ ਪੱਥਰ ਹੈ। ਰਸਾਇਣ ਵਿਗਿਆਨੀ ਇਸ ਨੂੰ ਕਾਰਬਨ ਦਾ ਟੁਕੜਾ ਕਹਿੰਦੇ ਹਨ। ਗੁਰਸਿੱਖਾਂ ਦੇ ਹੀਰੇ ਤਾਂ, ਗੁਰੂ ਨੂੰ ਆਪਣਾ ਤਨ, ਮਨ, ਧੰਨ ਸੌਂਪ ਕੇ ਗੁਰੂ ਦੇ ਹੁਕਮ ਦੀ ਉਡੀਕ ਵਿੱਚ ਰਹਿੰਦੇ ਹਨ। ਜੇ ਕਿਤੇ ਮਹਾਰਾਜਾ ਰਣਜੀਤ ਸਿੰਘ ਅਸਲੀ ਕੋਹੇਨੂਰ ਹੀਰੇ,ਸ ਰਦਾਰਹ ਗੀਂ ਸੰਘਨ ਲੂਏਦ ਗਿ ੱਲਮ ਂ ਨਕ ੇਬ੍ਰਾਹਮਣਵਾਦੀ ਡੋਗਰਿਆਂ ਨੂੰ ਪਰੇ ਕਰ ਦਿੰਦਾ ਤਾਂ ਰਣਜੀਤ ਸਿੰਘ ਦੇ ਵਾਰਸਾਂ ਦਾ ਇਉਂ ਦਰਦਨਾਕ ਕਤਲ ਨਾਂ ਹੁੰਦਾ। ਰਾਜ ਵੀ ਸਦੀਵੀਂ ਰਹਿੰਦਾ। ਇਸ ਤੋਂ ਵੀ ਹੋਰ ਚੰਗਾ ਹੁੰਦਾ ਜੇ ਮਹਾਰਾਜਾ ਬਾਬੇ ਨਾਨਕ ਜੀ ਦੇ ਪਹਿਲੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਚੱਲਦਾ ਤਾਂ ਮਹਾਰਾਜੇ ਦੀ ਮੱਤ ਰਤਨ ਜਵਾਹਰਾਂ ਅਤੇ ਮਾਣਕਾ ਨਾਲ਼ ਭਰ ਜਾਣੀ ਸੀ। ਬਾਬਾ ਜੀ ਦਾ ਪਹਿਲਾ ਸ਼ਬਦ ਹੈ :–

**ਮੋਤੀ ਤ ਮੰਦਰਿ ਊਸਰਹਿ ਰਤਨੀ ਤਾਂ ਹੋਹਿ ਜੜਾਉ ॥**(14)

ਇਹ ਗੁਰ ਸ਼ਬਦ ਉਸ ਕਾਰਬਨ ਦੇ ਟੁਕੜੇ ਕੋਹੇਨੂਰ ਨਾਲ਼ੋ ਕਿਤੇ ਕੀਮਤੀ ਹੈ। ਗੁਰੂ ਜੀ ਨੇ ਫੁਰਮਾਇਆ :–

**ਹੀਰਾ ਲਾਲੁ ਅਮੋਲਕ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥**
**ਰਤਨ ਗਾਹਕ ਗੁਰ ਸਾਧੂ ਦੇਖਿਓ ਤਾ ਰਤਨ ਬਿਕਾਨੋ ਲਾਖਾ ॥**

(ਪੰਨਾ 696)

ਅਤੇ

**ਗੁਰ ਕਾ ਸ਼ਬਦ ਰਤੰਨ ਹੈ ਹੀਰਾ ਜਿਤੁ ਜੜਾਉ ॥**(920)



ਬਾਬਾ ਨਾਨਕ ਸਾਹਿਬ ਜੀ ਨੇ ਤਾਂ ਸਿਰੇ ਦੀ ਗੱਲ ਦੱਸੀ ਹੈ ਕਿ ਅਗਰ ਤੁਸੀਂ ਸ੍ਰਿਸ਼ਟੀ ਤੇ ਵੀ ਰਾਜ ਚਾਹੁੰਦੇ ਹੋ ਤਾਂ ਗੁਰੂ ਦੇ ਸਿੱਖ ਬਣ ਕੇ ਮਨੁੱਖਤਾ ਦੀ ਸੇਵਾ ਤਨ, ਮਨ ਤੇ ਧਨ ਨਾਲ਼ ਕਰੋ। ਆਪ ਜੀ ਨੇ ਫੁਰਮਾਇਆ :–

**ਸ਼ਲੋਕ ਮ:3**
**ਹਸਤੀ ਸਿਰਿ ਜਿਉ ਅੰਕਸੁ ਹੈ ਅਹਿਰਣਿ ਜਿਉ ਸਿਰੁ ਦੇਇ ॥**
**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥**
**ਇਉ ਗੁਰਮੁਖ ਆਪ ਨਿਵਾਰੀਐ ਸਭ ਰਾਜੁ ਸ੍ਰਿਸਟਿ ਕਾ ਲੇਇ ॥**

(ਪੰਨਾ 648)

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ–ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**
ਮੋ. 98155-40240,
**lubanabs@yahoo.co.in**

# ਜ਼ਿੰਦਗੀ ਦਾ ਅਟੱਲ ਸੱਚ : ਮੌਤ

**ਡਾ. ਬਲਜੀਤ ਕੌਰ**

**"ਨਿਰਸੰਦੇਹ ਮੌਤ ਜੀਵਨ ਦਾ ਅਟੱਲ ਸੱਚ ਹੈ ਪਰ ਇਸ ਸੱਚ ਨੂੰ ਸਹਿਜ-ਭਾਵ ਨਾਲ ਸਵੀਕਾਰ ਕਰਨਾ ਹੈ। ਇਸ ਸੱਚ ਨੂੰ ਗਲੇ ਨਾਲ ਲਾਉਣਾ ਹੈ। ਇਸ ਸੱਚ 'ਤੇ ਅਫ਼ਸੋਸ ਨਹੀਂ ਕਰਨਾ। ਇਸ ਸੱਚ ਤੋਂ ਡਰਨਾ ਨਹੀਂ। ਵਾਹਿਗੁਰੂ ਦੇ ਹੁਕਮ ਵਿਚ ਵਾਪਰਿਆ ਇਹ ਸੱਚ ਮਿੱਠਾ ਕਰਕੇ ਮੰਨਣਾ ਹੈ। ਸੱਚ ਹਮੇਸ਼ਾ ਕੌੜਾ ਲੱਗਦਾ ਹੈ ਲੇਕਿਨ ਇਸ ਸੱਚ ਨੂੰ ਮਿੱਠਾ ਕਰਕੇ ਹੀ ਜਾਨਣਾ ਹੈ। ਇਸ ਸੱਚ ਨੂੰ ਮਿੱਠਾ ਮੰਨ ਕੇ, ਸੰਘਰਸ਼ਮਈ, ਕਰਮਮਈ-ਜੀਵਨ ਜਿਉਣਾ ਹੈ। ਮਾਨਸਿਕ-ਨਿਰਾਸ਼ਾ ਤੋਂ ਬਚ ਕੇ ਮਾਨਸਿਕ-ਸਹਿਜਤਾ ਦੀ ਸਥਿਤੀ ਵਿਚ ਵਿਚਰਨਾ ਹੈ। ਅਜਿਹੇ ਸਮੇਂ ਕਰਮ ਕਰਨ ਨੂੰ ਨਾ ਵੀ ਜੀਅ ਕਰੇ ਤਾਂ ਵੀ ਉਠ ਕੇ ਕਰਮ ਕਰਨੇ ਹਨ ਕਿਉਂਕਿ ਜੇ ਮੌਤ ਜ਼ਿੰਦਗੀ ਦਾ ਆਖ਼ਰੀ ਸੱਚ ਹੈ ਤਾਂ ਕਰਮ, ਸੰਘਰਸ਼ ਜ਼ਿੰਦਗੀ ਦਾ ਪਹਿਲਾ ਸੱਚ ਹੈ।"**

ਅੱਜ ਦੀ ਦੌੜ-ਭੱਜ ਵਾਲੀ ਤੇਜ਼ ਰਫ਼ਤਾਰ ਦੀ ਜ਼ਿੰਦਗੀ ਵਿਚ ਮੌਤ ਦੇ ਸੱਚ ਬਾਰੇ ਸਮਝਣ, ਜਾਨਣ ਦੀ ਵਿਹਲ ਨਹੀਂ! ਬਚਪਨ ਨੂੰ ਖੇਡਣ ਦਿਓ, ਬੁਢਾਪੇ ਨੂੰ ਆਰਾਮ ਕਰਨ ਕਰਨ ਦਿਓ ਲੇਕਿਨ ਜਵਾਨੀ ਕੰਮ ਕਰੇ। ਬਹੁਤ ਕੰਮ ਕਰੇ ਲੇਕਿਨ ਇਹ ਜਵਾਨੀ ਕੁਝ ਸਮਾਂ, ਥੋੜ੍ਹਾ ਜਿਹਾ ਸਮਾਂ, ਜ਼ਿੰਦਗੀ ਦੀਆਂ ਸਦੀਵੀ ਕੀਮਤਾਂ ਨਾਲ ਸਾਂਝ ਪਾਉਣ ਲਈ ਵੀ ਕੱਢੇ ਤਾਂ ਕਿ ਇਹ ਜਵਾਨੀ ਸਾਰਥਕ, ਸਾਕਾਰਾਤਮਕ ਕਰਮ ਕਰ ਸਕੇ। ਮੌਤ ਦੇ ਸੱਚ ਦਾ ਗਿਆਨ ਮਨੁੱਖ ਨੂੰ ਮਾਨਵਵਾਦੀ ਕੀਮਤਾਂ ਦੀ ਸਥਾਪਤੀ ਨਾਲ ਜੋੜੇਗਾ।

ਮੌਤ ਤੋਂ ਭਾਵ ਚੜ੍ਹਾਈ ਕਰ ਜਾਣਾ, ਨਾਸ਼ਮਾਨ ਸਰੀਰ ਦਾ ਖਤਮ ਹੋਣਾ, ਪੂਰਾ ਹੋ ਜਾਣਾ, ਜੀਵਨ-ਲੀਲਾ ਦਾ ਸਮਾਪਤ ਹੋ ਜਾਣਾ ਹੈ। ਹਰ ਮਨੁੱਖ ਦੀ ਜ਼ਿੰਦਗੀ ਦਾ ਇਕ ਦਿਨ ਮੌਤ ਨਾਲ ਮੇਲ ਅਵੱਸ਼ ਹੋਣਾ ਹੈ। ਗੁਰਬਾਣੀ ਅਨੁਸਾਰ -

**ਜੋ ਜਨਮੈ ਸੋ ਜਾਨਹੁ ਮੂਆ॥**
**ਗੋਵਿੰਦ ਭਗਤੁ ਅਸਥਿਰੁ ਹੈ ਥੀਆ॥** (ਪੰਨਾ - 375)

ਅੱਜ ਵਿਗਿਆਨ ਨੇ ਚਾਹੇ ਜਿਤਨੀ ਮਰਜ਼ੀ ਉੱਨਤੀ ਕਰ ਲਈ ਹੈ ਲੇਕਿਨ ਮੌਤ ਉੱਪਰ ਅਜੇ ਸਾਇੰਸ ਫਤਹਿ ਨਹੀਂ ਪਾ ਸਕੀ ਅਤੇ ਨਾ ਹੀ ਇਹ ਪਾ ਸਕੇਗੀ। ਮੌਤ, ਵਾਹਿਗੁਰੂ, ਕੁਦਰਤ ਨੇ ਆਪਣੇ ਹੱਥ ਵਿਚ ਰੱਖੀ ਹੈ। ਮੌਤ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਮੌਤ ਅਵੱਸ਼ ਆਉਣੀ ਹੈ, ਆਉਣੀ ਉਦੋਂ ਹੀ ਹੈ ਜਦੋਂ ਪਰਮਾਤਮਾ ਦਾ ਹੁਕਮ ਹੋਵੇਗਾ ਕਿਉਂਕਿ ਇਹ ਪਰਮਾਤਮਾ ਦੇ ਹੱਥ ਵਿਚ ਹੈ -

**ਹੁਕਮੇ ਆਵੈ ਹੁਕਮੇ ਜਾਇ॥**
**ਆਗੈ ਪਾਛੈ ਹੁਕਮਿ ਸਮਾਇ॥** (ਪੰਨਾ - 151)

ਮੌਤ, ਇਹ ਜ਼ਰੂਰੀ ਨਹੀਂ ਕਿ ਮਨੁੱਖ ਦੀ ਜ਼ਿੰਦਗੀ ਦੀ ਆਖਰੀ-ਅਵਸਥਾ ਪਾਰ ਕਰਨ ਉਪਰੰਤ ਅਰਥਾਤ ਬੁਢਾਪੇ ਵਿਚ ਹੀ ਆਏ, ਇਹ ਕਿਸੇ ਵੀ ਸਮੇਂ ਮਨੁੱਖੀ-ਜ਼ਿੰਦਗੀ ਵਿਚ ਸ਼ਮੂਲੀਅਤ ਹਾਸਲ ਕਰਕੇ ਉਸ ਉਪਰ ਕਾਬੂ ਪਾ ਕੇ ਉਸਨੂੰ ਖ਼ਤਮ ਕਰ ਦਿੰਦੀ ਹੈ। ਗੁਰੂ ਜੀ ਫ਼ਰਮਾਉਂਦੇ ਹਨ -

**ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥**
**ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥**
**ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ॥** (ਪੰਨਾ - 43)

ਇਸ ਸੰਸਾਰ ਵਿਚ ਆਉਣ ਅਤੇ ਜਾਣ ਦਾ ਸਮਾਂ ਪੂਰਵ-ਨਿਰਧਾਰਿਤ ਹੁੰਦਾ ਹੈ। ਗੁਰਵਾਕ ਹੈ -

**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥** (ਪੰਨਾ - 1239)

ਲੇਕਿਨ ਬੇਵਕਤ ਦੀ ਮੌਤ ਦੇ ਸਦੀਵੀ ਵਿਛੋੜੇ ਸਾਡੇ ਮਨ ਲਈ ਸਹਾਰਨੇ ਮੁਸ਼ਕਲ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿਚ ਅਸੀਂ ਆਪਣਾ ਮਾਨਸਿਕ-ਤਵਾਜ਼ਨ ਖੋ ਬੈਠਦੇ ਹਾਂ। ਅਜਿਹਾ ਹੋਣਾ ਕੁਦਰਤੀ ਹੈ। ਬੱਚੇ ਦੀ ਮੌਤ, ਜੁਆਨੀ ਦੀ ਮੌਤ ਇਨਸਾਨੀ ਮਨ ਲਈ ਕਹਿਰਾਂ ਦਾ ਡੂੰਘਾ ਦੁੱਖ ਹੈ ਜ਼ਾਣ ਵਾਲਾ ਇਸ ਦੁਨੀਆਂ ਤੋਂ ਜਾਣਾ ਨਹੀਂ ਚਾਹੁੰਦਾ ਅਤੇ ਅਸੀਂ ਜਾਣ ਵਾਲੇ ਨੂੰ ਆਪਣੇ ਤੋਂ ਦੂਰ ਭੇਜਣਾ ਨਹੀਂ ਚਾਹੁੰਦੇ, ਲੇਕਿਨ ਇਹਨਾਂ ਦੋਹਾਂ ਸਥਿਤੀਆਂ ਦੇ ਵਿਚਕਾਰ ਵਾਹਿਗੁਰੂ ਦਾ ਹੁਕਮ ਬਿਰਾਜਮਾਨ ਹੋ ਜਾਂਦਾ ਹੈ ਅਤੇ ਉਸ ਦੈਵੀ-ਵਿਧਾਨ ਅੱਗੇ ਅਸੀਂ ਹਾਰ ਜਾਂਦੇ ਹਾਂ। ਉਸ ਪਰਮਾਤਮਾ ਅੱਗੇ ਸਿਰ ਝੁਕਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਤਾਂ ਨਹੀਂ ਹੁੰਦਾ। ਅਜਿਹੀ ਸਥਿਤੀ ਵਿਚ ਅਸੀਂ ਨਾਮ ਸਿਮਰਨ ਕਰੀਏ, ਗਿਆਨ, ਵਿਚਾਰ ਦਾ ਸਹਾਰਾ ਲੈ ਕੇ ਮਨ ਨੂੰ ਟਿਕਾਈਏ। ਅਜਿਹਾ ਕੋਈ ਹੋਰ ਮਾਧਿਅਮ ਅਪਨਾਈਏ ਤਾਂਕਿ ਅਸੀਂ ਭਾਵੁਕ-ਸਥਿਰਤਾ ਹਾਸਲ ਕਰਕੇ ਆਪਣੀਆਂ ਬਾਕੀ ਦੀਆਂ ਪਰਿਵਾਰਕ, ਦੁਨਿਆਵੀ-ਜ਼ੁੰਮੇਵਾਰੀਆਂ ਸੁਚਾਰੂ ਰੂਪ ਨਾਲ ਨਿਭਾਉਂਦੇ ਜਾਈਏ।

ਮੌਤ ਕਿਸੇ ਨਾਲ ਕੋਈ ਭਿੰਨ-ਭੇਦ ਨਹੀਂ ਕਰਦੀ। ਇਹ ਹਰ ਕਿਸੇ ਨੂੰ

ਮਿਲਦੀ ਹੈ, ਕਿਸੇ ਨੂੰ ਪਹਿਲਾਂ ਕਿਸੇ ਨੂੰ ਬਾਅਦ ਵਿਚ। ਇਸਨੂੰ ਗਰੀਬ ਜਾਂ ਅਮੀਰ ਦਾ ਫਰਕ ਨਹੀਂ। ਇਸਨੂੰ ਰੰਗ-ਰੂਪ, ਜਾਤ-ਪਾਤ, ਕੱਦ-ਬੁੱਤ, ਦੇਸ਼-ਧਰਮ ਦਾ ਕੋਈ ਵਿਚਾਰ ਨਹੀਂ। ਮੌਤ ਬਿਨਾਂ ਵਿਤਕਰਾ ਕੀਤਿਆਂ ਸਭ ਨੂੰ ਮਿਲਦੀ ਹੈ ਤੇ ਸਭ ਨੂੰ ਬਰਾਬਰ ਕਰ ਦਿੰਦੀ ਹੈ। ਇਕ ਦਿਨ ਮੌਤ ਨੇ ਇਸ ਸਰੀਰ 'ਤੇ ਕਾਬੂ ਪਾ ਲੈਣਾ ਹੈ –

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥**
**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥** (ਪੰਨਾ - 659)

ਮੌਤ ਦਾ ਡਰ ਸਾਡੇ ਅੰਦਰੋਂ ਵਿਕਾਰਾਂ ਅਤੇ ਔਗੁਣਾਂ ਦਾ ਨਿਕਾਸ ਕਰੇਗਾ। ਜੇ ਮੌਤ ਦੇ ਭੈ ਨੂੰ ਆਪਣੇ ਜ਼ਿਹਨ ਵਿਚ ਰੱਖਾਂਗੇ ਤਾਂ ਹੀ ਸਾਨੂੰ ਦੁਨਿਆਵੀ ਸੱਚ ਬਾਰੇ ਪਤਾ ਲੱਗ ਸਕੇਗਾ। ਇਹ ਦੁਨੀਆਂ ਨਾਸ਼ਵਾਨ ਹੈ, ਇਥੇ ਕੁਝ ਵੀ ਥਿਰ ਨਹੀਂ। ਗੁਰਮਤਿ-ਚਿੰਤਨ ਅਨੁਸਾਰ –

**ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥ ਮਿਥਿਆ ਹਉਮੈ ਮਮਤਾ ਮਾਇਆ॥**
**ਮਿਥਿਆ ਰਾਜ ਜੋਬਨ ਧਨ ਮਾਲ॥ ਮਿਥਿਆ ਕਾਮ ਕ੍ਰੋਧ ਬਿਕਰਾਲ॥**
(ਪੰਨਾ - 268)

ਆਮ ਇਨਸਾਨ ਮੌਤ ਤੋਂ ਭੈ ਖਾਂਦਾ ਹੈ। ਗਿਆਨ ਦੇ ਆਸਰੇ **ਮੌਤ ਦੇ ਸੱਚ** ਨੂੰ ਸਦਾ ਹੀ ਸਮਝਣਾ ਹੈ। ਜਿਹਨਾਂ ਨੇ ਗਿਆਨ ਦੇ ਆਸਰੇ ਉਸ ਪਰਵਰਦਗਾਰ, ਅੰਗਮ, ਬੇਅੰਤ, ਅਪਾਰ, ਵਾਹਿਗੁਰੂ ਦੀ ਮਿਹਰ ਸਦਕਾ ਜੀਵਨ ਦੇ ਸੱਚ ਨੂੰ ਸਮਝ ਲਿਆ ਹੈ, ਉਹ ਜੀਵ ਧੰਨ ਹਨ। ਬਾਬਾ ਫਰੀਦ ਜੀ ਨੇ ਵੀ ਇਸ ਸੱਚ ਨੂੰ ਸਮਝਾਉਂਦੇ ਹੋਏ ਇਸ ਪ੍ਰਕਾਰ ਕਿਹਾ –

**ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥**
**ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥** (ਪੰਨਾ - 1380)

ਬਾਬਾ ਫਰੀਦ ਜੀ ਨੇ ਮੌਤ ਦੇ ਸੰਕਲਪ ਰਾਹੀਂ ਮਨੁਖ ਅਤੇ ਪਰਮਾਤਮਾ ਦਾ ਰਿਸ਼ਤਾ ਸਥਾਪਿਤ ਕੀਤਾ ਹੈ। ਮੌਤ ਦੇ ਡਰ ਦੇ ਮਾਧਿਅਮ ਨਾਲ ਮਨੁੱਖ ਨੇਕ ਕਰਮ ਕਰਦਾ ਹੈ। ਪਰ ਮੌਤ ਦੇ ਡਰ ਕਾਰਨ ਜੀਵਨ ਵਿਚ ਬੁਜ਼ਦਿਲ ਨਹੀਂ ਬਣਨਾ ਬਲਕਿ ਸਦਾਚਾਰ ਮਾਨਵਵਾਦੀ ਕਰਮ ਕਰਨੇ ਹਨ। **'ਮੌਤ ਦੇ ਸੰਕਲਪ'** ਬਾਰੇ ਵਿਚਾਰ-ਵਿਮਰਸ਼ ਕਰਨ ਦਾ ਭਾਵ ਨਿਰਾਸ਼ਵਾਦੀ ਹੋਣਾ ਨਹੀਂ ਹੈ ਬਲਕਿ ਇਸ ਦੇ ਸੱਚ ਨੂੰ ਸਮਝ ਕੇ ਜੀਵਨ ਪ੍ਰਤੀ ਆਸ਼ਾਵਾਦੀ ਰੁਖ਼ ਅਪਣਾਈ ਰੱਖਣਾ ਹੈ। ਜਿਥੇ ਬਾਬਾ ਫਰੀਦ ਜੀ ਆਪਣੀ ਬਾਣੀ ਵਿਚ ਬਾਰ-ਬਾਰ 'ਮੌਤ' ਸ਼ਬਦ ਦੀ ਵਰਤੋਂ ਕਰਦੇ ਹਨ ਉਥੇ ਉਹ ਇਸਦੇ ਨਾਲ-ਨਾਲ ਮਨੁੱਖ ਨੂੰ ਸਦਾਚਾਰੀ ਬਣਾ ਕੇ ਰੱਬ ਨਾਲ ਮਿਲਾਪ ਕਰਨ ਵੱਲ ਵੀ ਪ੍ਰੇਰਿਤ ਕਰਦੇ ਹਨ। ਅਧਿਆਤਮਵਾਦੀ ਚਿੰਤਨ ਵਿਚ ਭਿਆਨਕ ਰਸ ਦੀ ਵਰਤੋਂ ਕਰਕੇ ਮਨੁੱਖ ਨੂੰ ਸਦਾਚਾਰ ਕਰਮ ਕਰਨ ਲਈ ਅਥਵਾ **ਮਾਨਸਿਕ-ਵਿਕਾਸ** ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਬਾਬਾ ਫਰੀਦ ਨੇ ਵੀ ਆਪਣੀ ਬਾਣੀ ਵਿਚ ਅਜਿਹਾ ਹੀ ਕੀਤਾ ਹੈ। ਨਿਰਾਸ਼ਾਵਾਦ ਵਿਚ ਆਸ਼ਾ ਦੀ ਮੂਲ ਸੁਰ ਨੂੰ ਕਾਇਮ ਕੀਤਾ ਹੈ। ਫਰੀਦ ਬਾਣੀ ਅਨੁਸਾਰ –

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥੬॥** (ਪੰਨਾ - 1378)

ਘਬਰਾਹਟ ਅਤੇ ਮਾਨਸਿਕ-ਦੁੱਖਾਂ ਵਿਚੋਂ ਨਿਕਲਣਾ ਹੈ –

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥੭੮॥** (ਪੰਨਾ - 1382)

ਮੌਤ ਦੀ ਝੋਲੀ ਵਿਚ ਪੈਣ ਤੋਂ ਪਹਿਲਾਂ ਸੁਨਹਿਰੀ ਜ਼ਿੰਦਗੀ ਬਤੀਤ ਕਰਨੀ ਹੈ। ਲੋੜਾਂ ਘਟਾ ਕੇ ਸੁਖੀ ਜੀਵਨ ਜਿਉਣਾ ਹੈ –

**ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥੨੯॥** (ਪੰਨਾ - 1379)

ਮਨੁੱਖ ਦੀ ਹਯਾਤੀ ਸਮੇਂ ਤੋਂ ਨਹੀਂ ਸਗੋਂ ਚੰਗੇ ਕਰਮਾਂ ਤੋਂ ਨਾਪੀ ਜਾਣੀ ਹੈ।

ਮੌਤ ਦੇ ਭੈਅ ਤੋਂ ਆਪਣੀ ਜੀਵਨ-ਗਤੀ ਰੋਕ ਨਹੀਂ ਲੈਣੀ। ਗੁਰਮਤਿ-ਵਿਚਾਰਧਾਰਾ ਅਨੁਸਾਰ ਇਸ ਸੰਸਾਰਕ-ਜੀਵਨ ਤੋਂ ਮੂੰਹ ਨਹੀਂ ਮੋੜਨਾ ਬਲਕਿ 'ਅੰਜਨ ਮਾਹਿ ਨਿਰੰਜਨਿ ਰਹੀਐ' ਦੇ ਸੰਕਲਪ ਨੂੰ ਅਪਨਾਉਣਾ ਹੈ। ਗੁਰਵਾਕ ਹੈ –

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੇ ਜੁਗਤਿ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥**
(ਪੰਨਾ - 522)

ਗੁਰੂ ਨਾਨਕ ਪਾਤਸ਼ਾਹ ਜੀ ਨੇ ਮਨੁੱਖ ਨੂੰ ਸੱਚੇ-ਆਚਾਰ-ਵਿਹਾਰ ਵਾਲਾ ਅਰਥ ਭਰਪੂਰ ਜੀਵਨ ਜਿਉਣ ਲਈ ਹੀ ਪ੍ਰੇਰਿਤ ਕੀਤਾ ਹੈ। ਉਨ੍ਹਾਂ ਅਨੁਸਾਰ –

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥** (ਪੰਨਾ - 62)

ਗੁਰਮਤਿ-ਚਿੰਤਨ ਅਨੁਸਾਰ ਮੌਤ ਦੇ ਸੱਚ ਨੂੰ ਪ੍ਰਵਾਨ ਕਰਦੇ ਹੋਏ ਇਸ ਦੁਨੀਆਂ ਵਿਚ ਚੰਗੇ ਅਮਲ ਕਰਨੇ ਹਨ, ਆਪਣੇ ਆਪ ਨੂੰ ਅਤੇ ਇਸ ਦੁਨੀਆਂ ਨੂੰ ਸੁਨਿਹਰਾ ਬਨਾਉਣਾ ਹੈ। ਫ਼ੁਰਮਾਨ ਹਨ –

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥** (ਪੰਨਾ - 1245)

ਚੰਗੇ ਕਰਮ ਕਰਨ ਵਾਲੇ ਭਗਤ-ਜਨ ਮਰਦੇ ਨਹੀਂ ਬਲਕਿ ਅਮਰ ਹੋ ਜਾਂਦੇ ਹਨ। ਗੁਰਬਾਣੀ ਬਾਰ-ਬਾਰ ਮਨੁੱਖ ਨੂੰ ਸੁਚੇਤ ਕਰਦੀ ਹੈ ਕਿ ਮਨੁੱਖ ਨੇ ਇਸ ਨਾਸ਼ਮਾਨ ਸੰਸਾਰ ਦੀ ਮੋਹ-ਮਾਇਆ ਵਿਚ ਖਚਿਤ ਨਹੀਂ ਹੋਣਾ ਬਲਕਿ ਸਦਾਚਾਰਕ ਕਰਮ ਅਤੇ ਈਸ਼ਵਰ ਦਾ ਨਾਮ-ਸਿਮਰਨ ਕਰਕੇ ਪ੍ਰਭੂ-ਚਰਨਾਂ ਦੀ ਛੂਹ ਪ੍ਰਾਪਤ ਕਰਨੀ ਹੈ –

**ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ॥**
**ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ॥** (ਪੰਨਾ - 50)

ਗੁਰਸਿੱਖ ਨੇ ਮੌਤ ਦਾ ਸਿਰਫ਼ ਭੈ ਹੀ ਆਪਣੇ ਮਨ ਤੋਂ ਨਹੀਂ ਲਾਹੁਣਾ ਬਲਕਿ ਮੌਤ 'ਤੇ ਫਤਹਿ ਵੀ ਪਾਉਣੀ ਹੈ। ਧਰਮ ਲਈ, ਦੇਸ਼ ਲਈ, ਸਮਾਜ ਲਈ, ਮਾਨਵਵਾਦੀ ਕੀਮਤਾਂ ਦੀ ਸਥਾਪਤੀ ਲਈ ਪਰਉਪਕਾਰ ਕਰਨਾ ਹੈ, ਨੇਕੀ ਕਰਨੀ ਹੈ, ਮੈਦਾਨਿ-ਜੰਗ ਵਿਚ ਜੂਝਣਾ ਹੈ। ਗੁਰੂ ਸਾਹਿਬਾਨ ਤੇ ਉਹਨਾਂ ਦੇ ਸਿੱਖਾਂ ਨੇ ਮੌਤ ਨੂੰ ਹੱਸ-ਹੱਸ ਕੇ ਗਲੇ ਲਾਇਆ ਹੈ ਤੇ ਅਨੇਕਾਂ ਸ਼ਹੀਦੀਆਂ ਦਿੱਤੀਆਂ। ਗੁਰੂ ਅਰਜਨ ਸਾਹਿਬ ਜੀ ਨੇ **ਤੇਰਾ ਕੀਆ ਮੀਠਾ ਲਾਗੈ** ਕਹਿ ਕੇ ਸ਼ਹੀਦੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਅਤੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿੱਤੀ। ਸਿੱਖ ਇਤਿਹਾਸ ਅਜਿਹੀਆਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਅਨੇਕਾਂ ਮਰਜੀਵੜੇ ਗੁਰਸਿੱਖਾਂ ਨੇ ਹੱਸ-ਹੱਸ ਕੇ ਮੌਤ ਦੇ ਫੰਦੇ ਨੂੰ ਗਲ ਵਿਚ ਪਾ ਕੇ ਮਾਨਵਤਾ ਦੀ ਰਾਖੀ ਕੀਤੀ। ਜ਼ਬਰ, ਜ਼ੁਲਮ ਅਤੇ ਕੂੜ ਦੇ ਖਿਲਾਫ਼ ਆਵਾਜ਼ ਉਠਾਉਣੀ ਹੈ। ਗਰੀਬ ਲੋਕਾਈ ਨੂੰ ਹੌਂਸਲਾ ਦੇਣਾ ਹੈ। ਆਪਣੇ ਚੁਗਿਰਦੇ ਨੂੰ ਖੁਸ਼ਹਾਲ ਬਨਾਉਣਾ ਹੈ।

ਵਾਹਿਗੁਰੂ ਦੇ ਭਗਤ-ਜਨ ਅਥਵਾ ਸੱਚੇ ਭਗਤ ਮੌਤ ਤੋਂ ਨਹੀਂ ਡਰਦੇ। ਸਗੋਂ ਉਹਨਾਂ ਪ੍ਰਾਣੀਆਂ ਲਈ ਤਾਂ ਮੌਤ ਵਾਹਿਗੁਰੂ ਮਿਲਾਪ ਦਾ ਇਕ ਮਾਧਿਅਮ-ਮਾਤਰ ਤੇ ਜੀਵਨ ਦੀ ਪਰਿਪੂਰਨਤਾ ਹੈ। ਗੁਰੂ ਤੇਗ ਬਹਾਦਰ ਜੀ ਅਨੁਸਾਰ –

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥**
**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥੫੧॥**
**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥**

**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥** (ਪੰਨਾ - 1429)

ਭਗਤ ਕਬੀਰ ਜੀ ਅਨੁਸਾਰ –

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥** (ਪੰਨਾ - 1365)

ਮੌਤ ਦਾ ਭੈ ਦਰਸਾਉਣਾ, ਮਨੁੱਖ ਨੂੰ ਨੈਤਿਕਤਾ ਵੱਲ, ਪ੍ਰੇਰਿਤ ਕਰਨ ਦਾ ਹੀ ਦੂਸਰਾ ਨਾਂ ਹੈ। ਨੈਤਿਕਤਾ, ਜ਼ਿੰਦਗੀ ਦੀ ਮਹਾਨ ਸ਼ਕਤੀ ਹੈ। ਭਾਵੇਂ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਇਸ ਸ਼ਕਤੀ ਦੀ ਤਾਕਤ ਘਟਦੀ ਵਿਖਾਈ ਦਿੰਦੀ ਹੈ ਲੇਕਿਨ ਜਦੋਂ ਵੀ ਸਦੀਵੀ ਮਾਨਵਵਾਦੀ ਕੀਮਤਾਂ ਦੀ ਗੱਲ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਕੀਤੀ ਜਾਵੇਗੀ ਤਾਂ ਨੈਕਿਕਤਾ ਹੀ ਬ੍ਰਹਿਮੰਡ ਦੀ ਸਭ ਤੋਂ ਉੱਚੀ ਚੋਟੀ ਉਪਰ ਦਿਖਾਈ ਦੇਵੇਗੀ। ਇਕ ਵਿਦਵਾਨ J.A. Froude ਅਨੁਸਾਰ : ਇਖ਼ਲਾਕ ਜਦ ਜ਼ੋਰ ਵਿਚ ਤਕੜਾ ਹੋ ਕੇ ਜਿਉਂਦਾ ਹੈ ਤਾਂ ਇਹ ਦਿਮਾਗ਼ ਨਾਲੋਂ ਵਧੇਰੇ ਦੂਰ ਵੇਖ ਲੈਂਦਾ ਹੈ।

ਜਿਉਂ-ਜਿਉਂ ਸਾਲ ਬੀਤਦੇ ਹਨ, ਉਹ ਸਾਡਾ ਕੁਝ ਨਾ ਕੁਝ ਖੋਹ ਕੇ ਲੈ ਜਾਂਦੇ ਹਨ। ਆਖ਼ਰਕਾਰ ਉਹ ਸਾਡਾ ਸਮੁੱਚਾ ਆਪਾ, ਸਾਡਾ ਸਰੀਰ ਹੀ ਖਤਮ ਕਰ ਦਿੰਦੇ ਹਨ। ਜਦੋਂ ਕੋਈ ਪ੍ਰਾਣੀ ਸਾਡਾ ਸਕਾ ਸੰਬੰਧੀ, ਰਿਸ਼ਤੇਦਾਰ ਇਸ ਸਰੀਰ ਨੂੰ ਤਿਆਗ ਕੇ ਮੌਤ ਦੇ ਗਲ ਲੱਗਦਾ ਹੈ ਤਾਂ ਅਸੀਂ ਬਹੁਤ ਰੋਂਦੇ ਹਾਂ। ਅਸੀਂ ਉਸਦਾ ਵਿਛੋੜਾ ਸਹਿ ਨਹੀਂ ਸਕਦੇ। ਰੋਣ ਨਾਲ ਸਾਡਾ ਮਨ ਹਲਕਾ ਹੋ ਜਾਂਦਾ ਹੈ। ਗੁਰਬਾਣੀ ਸਾਨੂੰ ਅਜਿਹੇ ਸਮੇਂ ਵਿਚ ਵੀ ਸਹਿਜ-ਅਵਸਥਾ ਵਿਚ ਵਿਚਰਨ ਲਈ ਕਹਿੰਦੀ ਹੈ। ਗੁਰੂ ਅਰਜਨ ਸਾਹਿਬ ਜੀ ਅਨੁਸਾਰ –

**ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥**
**ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥** (ਪੰਨਾ - 885)

ਭਾਈ ਗੁਰਦਾਸ ਜੀ ਅਨੁਸਾਰ –

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।**
**ਸਚੀ ਦਰਗਹ ਜਾਇ ਸਚਾ ਪਿੜੁ ਮਲਿਆ।** (ਵਾਰ - 19 : 14)

ਮੌਤ 'ਤੇ ਰੋਣਾ ਨਹੀਂ, ਬਲਕਿ, ਮਾਨਸਿਕ-ਜਬਤ ਰੱਖਣਾ ਹੈ। ਗਿਆਨ ਅਤੇ ਕਰਮ ਦਾ ਸਹਾਰਾ ਲੈ ਕੇ ਸਾਰਥਿਕ ਜੀਵਨ ਜਿਊਣਾ ਹੈ।

ਮੌਤ ਨੂੰ ਦੁਖਦਾਈ ਮੰਨਿਆ ਗਿਆ ਹੈ। ਬੇਸ਼ਕ ਇਹ ਹੈ ਵੀ ਸੱਚ, ਲੇਕਿਨ ਕਈਆਂ ਪ੍ਰਸਥਿਤੀਆਂ ਵਿਚ ਮੌਤ ਸੁਖਦਾਈ ਵੀ ਤਾਂ ਹੋ ਨਿਬੜਦੀ ਹੈ। ਮੌਤ ਲੰਮੀ ਸਦੀਵੀਨ ਿੲੰਦਹੈ ।ਿ ਭਆਿਨਕਾ ਬਮਾਰੀਦ ਾ ਸ਼ਕਾਰਾ ਇਨਸਾਨ,ਿ ਜਹੜਾ ਆਪਣੀ ਕ੍ਰਿਆ ਤੱਕ ਨਹੀਂ ਸੋਧ ਸਕਦਾ ਅਤੇ ਸਾਲਾਂਬੱਧੀ ਤੋਂ ਮੰਜੇ 'ਤੇ ਪਿਆ ਹੈ, ਭਿਆਨਕ ਰੋਗ ਨਾਲ ਜੂਝ ਰਿਹਾ ਹੈ ਤਾਂ ਅਜਿਹੀ ਸਥਿਤੀ ਵਿਚ ਉਸ ਇਨਸਾਨ ਦੇ ਮੂੰਹੋਂ ਆਪ-ਮੁਹਾਰੇ ਹੀ ਨਿਕਲ ਪੈਂਦਾ ਹੈ, **ਹਾਇ ਮੈਂ ਮਰ ਜਾਵਾਂ ! ਰੱਬਾ ਮੈਨੂੰ ਚੁੱਕ ਲੈ !** ਅਜਿਹੀ ਸਥਿਤੀ ਵਿਚ ਜਦੋਂ ਇਨਸਾਨ ਆਪਣੇ ਆਪ ਜੋਗਾ ਨਹੀਂ ਰਹਿੰਦਾ ਤਾਂ ਮੌਤ ਨਾਲ ਖ਼ੁਦ-ਬ-ਖ਼ੁਦ ਸਾਂਝ ਪਾਉਣੀ ਚਾਹੁੰਦਾ ਹੈ। ਵਾਹਿਗੁਰੂ ਦੀ ਆਗੋਸ਼ ਵਿਚ ਆ ਕੇ ਸਦੀਵੀ ਸੁਖ, ਸਦੀਵੀਂ ਨੀਂਦ ਪ੍ਰਾਪਤ ਕਰਨਾ ਚਾਹੁੰਦਾ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਿਰਸੰਦੇਹ ਮੌਤ ਜੀਵਨ ਦਾ ਅਟੱਲ ਸੱਚ ਹੈ ਪਰ ਇਸ ਸੱਚ ਨੂੰ ਸਹਿਜ-ਭਾਵ ਨਾਲ ਸਵੀਕਾਰ ਕਰਨਾ ਹੈ। ਇਸ ਸੱਚ ਨੂੰ ਗਲੇ ਨਾਲ ਲਾਉਣਾ ਹੈ। ਇਸ ਸੱਚ 'ਤੇ ਅਫ਼ਸੋਸ ਨਹੀਂ ਕਰਨਾ। ਇਸ ਸੱਚ ਤੋਂ ਡਰਨਾ ਨਹੀਂ। ਵਾਹਿਗੁਰੂ ਦੇ ਹੁਕਮ ਵਿਚ ਵਾਪਰਿਆ ਇਹ ਸੱਚ ਮਿੱਠਾ ਕਰਕੇ ਮੰਨਣਾ ਹੈ। ਸੱਚ ਹਮੇਸ਼ਾ ਕੌੜਾ ਲੱਗਦਾ ਹੈ ਲੇਕਿਨ ਇਸ ਸੱਚ ਨੂੰ ਮਿੱਠਾ ਕਰਕੇ ਹੀ ਜਾਨਣਾ ਹੈ। ਇਸ ਸੱਚ ਨੂੰ ਮਿੱਠਾ ਮੰਨ ਕੇ, ਸੰਘਰਸ਼ਮਈ, ਕਰਮਮਈ-ਜੀਵਨ ਜਿਉਣਾ ਹੈ। ਮਾਨਸਿਕ-ਨਿਰਾਸ਼ਾ ਤੋਂ ਬਚ ਕੇ ਮਾਨਸਿਕ-ਸਹਿਜਤਾ ਦੀ ਸਥਿਤੀ ਵਿਚ ਵਿਚਰਨਾ ਹੈ। ਅਜਿਹੇ ਸਮੇਂ ਕਰਮ ਕਰਨ ਨੂੰ ਨਾ ਵੀ ਜੀਅ ਕਰੇ ਤਾਂ ਵੀ ਉਠ ਕੇ ਕਰਮ ਕਰਨੇ ਹਨ ਕਿਉਂਕਿ ਜੇ ਮੌਤ ਜ਼ਿੰਦਗੀ ਦਾ ਆਖ਼ਰੀ ਸੱਚ ਹੈ ਤਾਂ ਕਰਮ, ਸੰਘਰਸ਼ ਜ਼ਿੰਦਗੀ ਦਾ ਪਹਿਲਾ ਸੱਚ ਹੈ।

ਮਾਨਵਵਾਦੀ ਕੀਮਤਾਂ ਦੀ ਸਥਾਪਤੀ ਖ਼ਾਤਰ ਮੌਤ ਨਾਲ ਜਦੋਂ ਵੀ ਮਿਲਣਾ ਪਵੇ, ਮਿਲੋ। ਇਹ ਸਭ ਤੋਂ ਵੱਡਾ ਪਰਉਪਕਾਰ ਹੋਵੇਗਾ। ਉਸ ਸਿਰਜਨਹਾਰ ਅਕਾਲ ਪੁਰਖ ਦੀ ਬਣਾਈ ਹੋਈ ਮੌਤ ਨੂੰ ਹਮੇਸ਼ਾ ਯਾਦ ਰੱਖੋ। ਮੌਤ ਦੇ ਡਰ ਨਾਲ ਹੀ ਸਾਨੂੰ ਵਾਹਿਗੁਰੂ ਯਾਦ ਰਹੇਗਾ ਅਤੇ ਨਾਮ-ਸਿਮਰਨ ਅਤੇ ਨੇਕ ਕਰਮ ਆਖ਼ਰ ਵਿਚ ਸਾਡਾ ਉਸ ਪਰਮ ਹਸਤੀ, ਅਕਾਲ-ਪੁਰਖ ਨਾਲ ਸੁਮੇਲ ਕਰਵਾਉਣ ਵਿਚ ਸਹਾਈ ਹੋਣਗੇ। ਗੁਰਵਾਕ ਹੈ –

**ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥**
**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥**

(ਪੰਨਾ - 1254)


# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵਿਖੇ ਪ੍ਰਧਾਨ ਜੀ ਦੇ ਨਵੇਂ ਦਫ਼ਤਰ ਦਾ ਉਦਘਾਟਨ






# Working Committee Meeting 23-9-2015














# Working Committee Meeting 23-9-2015
















# ਪ੍ਰਧਾਨ ਜੀ ਦੇ ਨਵੇਂ ਦਫ਼ਤਰ ਅੰਦਰ ਯਾਦਗਾਰੀ ਫੋਟੋ ਸਮੇਂ ਹਾਜ਼ਰ ਮੈਂਬਰ





ਕਹਾਣੀ

# ਟੁਕੜੇ-ਟੁਕੜੇ ਹੋਈ ਸੋਚ

ਅਨਵੰਤ ਕੌਰ

ਸਾਈਕਲ ਦੀ ਘੰਟੀ ਵੱਜੀ। ਸ਼ੱਮੀ ਨੇ ਖਿੜਕੀ ਦੇ ਸ਼ੀਸ਼ੇ ਵਿੱਚੋਂ ਬਾਹਰ ਵੱਲ ਵੇਖਿਆ। ਗੇਟ ਤੇ ਡਾਕੀਆ ਖੜਾ ਸੀ। ਇਕ ਪੈਰ ਪੈਡਲ 'ਤੇ ਦੂਸਰਾ ਜ਼ਮੀਨ ਤੇ। ਸਾਈਕਲ ਦੀ ਟੋਕਰੀ ਵਿੱਚੋਂ ਕੁਝ ਚਿੱਠੀਆਂ ਛਾਂਟ ਕੇ ਉਸ ਨੇ ਚਪੜਾਸੀ ਨੂੰ ਫੜਾਈਆਂ। ਚਪੜਾਸੀ ਨੇ ਉਹ ਚਿੱਠੀਆਂ ਲਿਆ ਕੇ ਦਫ਼ਤਰ ਦੀ ਟੇਬਲ ਤੇ ਰੱਖ ਦਿੱਤੀਆਂ। ਸ਼ੱਮੀ ਨੇ ਹਰ ਚਿੱਠੀ 'ਤੇ ਇਕ ਸਰਸਰੀ ਜਹੀ ਨਜ਼ਰ ਮਾਰੀ। ਫਿਰ ਸਰਕਾਰੀ ਡਾਕ ਵੱਖ ਕਰ ਕੇ ਮੇਜ਼ ਦੀ ਦਰਾਜ਼ ਵਿੱਚ ਰੱਖ ਲਈ। ਇਕ ਚਿੱਠੀ ਉਸ ਦੇ ਨਾਂ ਸੀ। ਨਿਰੋਲ ਉਸ ਦੀ ਆਪਣੀ... ਉਸ ਦੇ ਸ਼ੀਲ ਦੀ। ਉਹ ਚਿੱਠੀ ਜਿਸ ਦੀ ਉਡੀਕ ਵਿੱਚ ਉਹ ਰੋਜ਼ ਡਾਕੀਏ ਦਾ ਰਾਹ ਵੇਖਦੀ ਰਹਿੰਦੀ ਸੀ ਪਰ ਇਹ ਆਉਂਦੀ ਮਹੀਨਿਆਂ ਬਾਅਦ ਸੀ। ਜਿਸ ਨੂੰ ਫੜਦਿਆਂ ਸ਼ੱਮੀਂ ਦੇ ਦਿਲ ਦੀ ਧੜਕਨ ਤੇਜ਼ ਹੋ ਜਾਂਦੀ ਸੀ ਅਤੇ ਪੜ੍ਹਦਿਆਂ ਦਿਮਾਗ ਦਾ ਤਨਾਅ। ਫਿਰ ਵੀ ਉਸ ਚਿੱਠੀ ਦੀ ਸ਼ੱਮੀਂ ਨੂੰ ਹਰ ਰੋਜ਼ ਉਡੀਕ ਰਹਿੰਦੀ ਸੀ। ਕੁਝ ਦੇਰ ਉਹ ਬੰਦ ਲਿਫ਼ਾਫੇ ਨੂੰ ਨੀਝ ਲਾ ਕੇ ਵੇਖਦੀ ਰਹੀ।

-ਜਿਤਨੀ ਦੇਰ ਚਿੱਠੀ ਲਿਫ਼ਾਫੇ ਵਿੱਚ ਬੰਦ ਰਹਿੰਦੀ ਏ, ਉਤਨੀ ਦੇਰ ਇਕ ਰਹੱਸ ਬਣਿਆ ਰਹਿੰਦਾ ਹੈ। ਸੱਚਮੁੱਚ ਰਹੱਸਮਈ ਹੋਣਾ ਵੀ ਕਿਤਨਾ ਰੋਮਾਂਚਕ ਹੁੰਦੈ! ਕੁਝ ਵੀ ਨਵਾਂ ਤਾਜ਼ਾ ਜਾਣਨ ਦੀ ਉਤਸੁਕਤਾ। ਅਖ਼ਬਾਰ ਦੀ ਵੱਡੀ ਸੁਰਖ਼ੀ ਪੜ੍ਹਨ ਵਰਗੀ ਖਿੱਚ। ਸਮਾਚਾਰ ਬੁਲੇਟਿਨ ਦੀ ਪਹਿਲੀ ਖ਼ਬਰ ਸੁਣਨ ਜਹੀ ਤਾਂਘ। ਜੇ ਇਹ ਤਾਂਘ ਨਾ ਹੋਵੇ ਤਾਂ ਜੀਵਨ ਦਾ ਸਾਰਾ ਰਸ ਹੀ ਖ਼ਤਮ ਹੋ ਜਾਵੇ।

ਸ਼ੱਮੀਂ ਨੇ ਪਹਿਲਾਂ ਚਿੱਠੀ ਨੂੰ ਬੁਲ੍ਹਾਂ ਨਾਲ ਲਾਇਆ। ਫਿਰ ਪੇਪਰ ਕਟਰ ਦੀ ਸਹਾਇਤਾ ਨਾਲ ਬੜੇ ਆਰਾਮ ਨਾਲ ਲਿਫ਼ਾਫ਼ਾ ਖੋਲ੍ਹਿਆ। ਹਮੇਸ਼ਾਂ ਵਾਂਗ ਇਹ ਚਿੱਠੀ ਵੀ ਕਾਗ਼ਜ਼ ਦੇ ਇਕ ਪਾਸੇ ਲਿਖੀ ਹੋਈ ਸੀ। ਤਹਿ ਹੋਏ ਕਾਗ਼ਜ਼ ਤੋਂ ਹੀ ਸ਼ੱਮੀਂ ਨੇ ਅੰਦਾਜ਼ਾ ਲਾ ਲਿਆ ਕਿ ਅੰਦਰ ਕੇਵਲ ਅੱਧੇ ਕੁ ਸਫ਼ੇ ਦਾ ਮਜ਼ਮੂਨ ਹੀ ਹੈ। ਫੇਰ ਵੀ ਉਸ ਨੇ ਪੂਰੇ ਉਤਸ਼ਾਹ ਨਾਲ ਚਿੱਠੀ ਖੋਲ੍ਹੀ। ਲਿਖਿਆ ਸੀ:

-ਅਗਲੇ ਹਫ਼ਤੇ ਰਾਜੀਵ ਤੇਰੇ ਕੋਲ ਆ ਰਿਹਾ ਹੈ। ਕੋਸ਼ਿਸ਼ ਕਰਕੇ ਇਸ ਦੀ ਉਥੇ ਕਿੱਧਰੇ ਨੌਕਰੀ ਲੁਆ ਦੇ। ਇੱਥੇ ਭੈੜੀ ਸੋਹਬਤ ਵਿੱਚ ਪੈ ਕੇ ਵਿਗੜ ਗਿਐ। ਰੋਜ਼ ਕੋਈ ਨਾ ਕੋਈ ਮੁਸੀਬਤ ਖੜੀ ਕਰ ਛੱਡਦੈ। ਭੈਣ ਇਸ ਤੋਂ ਬਹੁਤ ਦੁਖੀ ਹੈ। ਭੈਣ ਦਾ ਸਾਡੇ ਬਗ਼ੈਰ ਕੌਣ ਏ? ਉਸ ਦੀ ਮਦਦ ਕਰਨਾ ਸਾਡਾ ਸਮਾਜਿਕ ਅਤੇ ਨੈਤਿਕ ਫ਼ਰਜ਼ ਬਣਦੈ। ਤੈਨੂੰ ਪਤਾ ਈ ਹੈ ਕਿ ਚੰਦਰ ਦੀ ਪੜ੍ਹਾਈ ਦਾ ਇਹ ਆਖ਼ਰੀ ਸਾਲ ਹੈ, ਉਸ ਦੇ ਇੰਜੀਨੀਅਰ ਬਣਦਿਆਂ ਹੀ ਸਾਡੀਆਂ ਜ਼ਿੰਮੇਵਾਰੀਆਂ ਘਟ ਜਾਣਗੀਆਂ। ਮਾਂ ਦੀ ਸਿਹਤ ਵੀ ਦਿਨ-ਬਦਿਨ ਹੋਰ ਖ਼ਰਾਬ ਹੁੰਦੀ ਪਈ ਹੈ। ਦੁਆਈਆਂ ਦਾ ਖ਼ਰਚ ਵਧ ਗਿਆ ਏ। ਹੋ ਸਕੇ ਤਾਂ ਐਤਕੀਂ ਕੁਝ ਪੈਸੇ ਵੱਧ ਭੇਜਣ ਦੀ ਖੇਚਲ ਕਰੀਂ।

ਬੜੇ ਪਿਆਰ ਨਾਲ, ਤੇਰਾ ਸ਼ੀਲ।

ਬੜੇ ਕੀ, ਥੋੜ੍ਹੇ ਪਿਆਰ ਵਾਲੀ ਵੀ ਇਸ ਵਿੱਚ ਕੋਈ ਗੱਲ ਨਹੀਂ ਸੀ। ਚਿੱਠੀ ਪੜ੍ਹ ਕੇ ਸ਼ੱਮੀਂ ਨੂੰ ਕੁਝ ਵੀ ਮਹਿਸੂਸ ਨਾ ਹੋਇਆ। ਇਹ ਚਿੱਠੀ ਉਸ ਨੂੰ ਸਵੇਰ ਦੇ ਤਾਜ਼ੇ ਅਖ਼ਬਾਰ ਦੀਆਂ ਬਹੀਆਂ ਖ਼ਬਰਾਂ ਜਹੀ ਲੱਗੀ, ਜਿਸ ਨੂੰ ਬੈਡ-ਟੀ ਵਾਂਗ ਰੁਟੀਨ ਵਿੱਚ ਪੜ੍ਹਨਾ ਇਕ ਅਮਲ ਜਿਹਾ ਬਣ ਗਿਐ। ਉਸ ਨੇ ਲਿਫ਼ਾਫ਼ੇ ਵਿੱਚ ਪਾ ਕੇ ਆਪਣੇ ਪਰਸ 'ਚ ਰੱਖ ਲਈ। ਫਿਰ ਸੋਚਣ ਲੱਗੀ,

-ਆਖ਼ਰ ਇਸ ਚਿੱਠੀ ਵਿੱਚ ਅਤੇ ਦਫ਼ਤਰ ਦੀ ਡਾਕ ਵਿੱਚ ਫ਼ਰਕ ਈ ਕੀ ਏ? ਇਹ ਚਿੱਠੀ ਵੀ ਉਸੇ ਡਾਕ ਨਾਲ ਦਰਾਜ਼ ਵਿੱਚ ਰੱਖੀ ਜਾ ਸਕਦੀ ਏ। ਸਗੋਂ ਉਸ ਤੋਂ ਵੀ ਹੇਠਾਂ, ਗ਼ੈਰ-ਜ਼ਰੂਰੀ ਡਾਕ ਵਿੱਚ। ਆਖ਼ਰ ਇਹ ਆਰਡਰ ਬੁੱਕ 'ਤੇ ਚੜ੍ਹਾਇਆ ਇਕ ਨੋਟ ਹੀ ਤਾਂ ਹੈ। ਦਫ਼ਤਰ ਵਾਲੇ ਤਾਂ ਮਹੀਨੇ ਦੀ 4500 ਰੁਪਏ ਤਨਖਾਹ ਦੇ ਕੇ ਆਰਡਰ ਕੱਢਦੇ ਨੇ, ਉਹ ਮੈਥੋਂ ਹਰ ਕੰਮ ਲੈ ਸਕਦੇ ਨੇ, ਪਰ ਇਹ ਸ਼ੀਲ ਮੇਰਾ ਪਤੀ, ਜਿਸ ਨੇ ਮੇਰੀ ਹਰ ਜ਼ਿੰਮੇਵਾਰੀ ਆਪਣੇ ਸਿਰ ਲਈ ਸੀ, ਮੇਰੇ ਕੋਲੋਂ ਇਤਨੀਆਂ ਆਸਾਂ ਕਿਉਂ ਰੱਖਦੈ? ਇਹ ਹਰ ਵਕਤ ਦਾ ਰੋਣਾ... ਉਫ਼, ਮੈਂ ਤਾਂ ਤੰਗ ਆ ਗਈ ਹਾਂ।

ਸ਼ੱਮੀਂ ਦੇ ਅੰਦਰੋਂ ਇਕ ਚੀਸ ਜਹੀ ਉਠੀ। ਉਸ ਨੇ ਆਪਣੇ ਹੀ ਹੋਠਾਂ ਨੂੰ ਆਪਣੇ ਦੰਦਾਂ ਨਾਲ ਦਬਾ ਲਿਆ, ਜਿਵੇਂ ਅੰਦਰੋਂ ਕੁਝ ਵੀ ਬਾਹਰ ਨਾ ਕੱਢਣਾ ਚਾਹੁੰਦੀ ਹੋਵੇ, ਜਿਵੇਂ ਸਹਿਣਾ ਔਰਤ ਹੋਣ ਦੀ ਇਕ ਸਜ਼ਾ ਹੋਵੇ, ਜਿਹੜੀ ਹਰ ਹਾਲਤ ਵਿੱਚ ਭੁਗਤਣੀ ਹੀ ਹੈ, ਇਕ ਸਰਾਪ ਨੂੰ ਭੋਗਣ ਜਹੀ ਬੇਵਸੀ, ਕਿਸੇ ਸੰਤਾਪ ਨੂੰ ਹੰਢਾਉਣ ਵਰਗੀ ਲਾਚਾਰੀ।

ਕੁਰਸੀ ਤੋਂ ਉਠ ਕੇ ਉਸ ਨੇ ਦਫ਼ਤਰ ਵਿੱਚ ਕਈ ਚੱਕਰ ਕੱਟੇ। ਫਿਰ ਚਪੜਾਸੀ ਨੂੰ ਦੱਸ ਕੇ ਉਪਰ ਆਪਣੇ ਕਮਰੇ ਵਿੱਚ ਆ ਗਈ। ਨੌਕਰਾਣੀ ਨੂੰ ਚਾਹ ਬਣਾਉਣ ਲਈ ਕਿਹਾ। ਆਪ ਬਾਮ ਦੀ ਸ਼ੀਸ਼ੀ ਢੂੰਡਣ ਲੱਗ ਪਈ। ਮੱਥੇ 'ਤੇ ਬਾਮ ਲਾ ਕੇ ਉਸ ਨੇ ਆਪਣੇ ਸਿਰ 'ਤੇ ਸਕਾਰਫ਼ ਘੁੱਟ ਕੇ ਬੰਨ੍ਹ ਲਿਆ। ਚਾਹ ਆ ਗਈ। ਚਾਹ ਵਿੱਚੋਂ ਨਿਕਲਦੀ ਗਰਮ-ਗਰਮ ਭਾਫ਼ ਉਸ ਦੀਆਂ ਨਜ਼ਰਾਂ ਸਾਹਮਣੇ ਕਈ ਸ਼ਕਲਾਂ ਵਿੱਚ ਬਦਲਦੀ ਗਈ। ਕਦੇ ਉਹ ਸ਼ੀਲ ਦਾ ਰੂਪ ਧਾਰ ਲੈਂਦੀ, ਕਦੇ ਉਸ ਦੀ ਆਪਣੀ ਮਾਂ ਦਾ। ਦੋਵੇਂ ਹੁਣ ਤੱਕ ਉਸ ਨੂੰ ਫ਼ਰਜ਼ਾਂ ਦਾ ਵਾਸਤਾ ਹੀ ਦਿੰਦੇ ਰਹੇ ਨੇ।

-ਇਹ ਮਨੁੱਖ ਨੂੰ ਹੋ ਕੀ ਗਿਐ? ਜਿਸ ਚੀਜ਼ ਦਾ ਉਸ ਦੇ ਆਪਣੇ ਅੰਦਰੋਂ ਦਵਾਲਾ ਨਿਕਲ ਜਾਂਦੈ, ਉਸੇ ਦੀ ਉਹ ਦੁਹਾਈ ਪਿੱਟਦੈ। ਕਾਸ਼! ਕਦੇ ਇਹ ਫ਼ਰਜ਼ ਸਮਝਾਣ ਦੀ ਥਾਂ ਫ਼ਰਜ਼ ਪਛਾਨਣਾ ਸਿਖ ਜਾਏ। ਹਰ ਕੋਈ ਸੋਚਦੈ, ਜੋ ਉਹ ਕਰ ਰਿਹਾ ਏ, ਉਹ ਠੀਕ ਏ, ਬਾਕੀ ਸਭ ਗ਼ਲਤ ਹੈ।-

-ਕੁਝ ਕਿਹੈ ਮੈਡਮ?...

ਬੂਹੇ ਵਿੱਚ ਹੈਰਾਨ ਖੜੀ ਨੌਕਰਾਣੀ ਦੀ ਸੁਆਲੀਆ ਸ਼ਕਲ ਵੱਲ ਉਸ ਨੇ ਉਸ ਤੋਂ ਵਧੇਰੇ ਹੈਰਾਨ ਹੋ ਕੇ ਵੇਖਿਆ ਤੇ ਬੋਲੀ,

-ਤੈਨੂੰ ਕਿਸ ਬੁਲਾਇਐ?- ਗ਼ਲਤ ਠੀਕ ਬਾਰੇ ਸੋਚਦੀ ਉਹ ਆਪ ਹੀ ਦੋਹਾਂ ਵਿਚਲਾ ਫ਼ਰਕ ਭੁੱਲ ਗਈ ਸੀ।-

-ਪਰ ਇੱਥੇ ਤੇ ਹੋਰ ਕੋਈ ਵੀ ਨਹੀਂ। ਫਿਰ ਤੁਸੀਂ ਕਿਸ ਨਾਲ ਗੱਲਾਂ ਪਏ ਕਰਦੇ ਹੋ?

-ਅੱਛਾ ਤੇਰੀ ਕਸਰ ਰਹਿ ਗਈ ਸੀ। ਹੁਣ ਮੈਨੂੰ ਨੌਕਰਾਂ ਅੱਗੇ ਵੀ ਜੁਆਬ

ਦੇਹ ਹੋਣਾ ਪਵੇਗਾ?- ਉਹ ਜ਼ੋਰ ਦੀ ਚੀਕੀ।

ਨੌਕਰਾਣੀ ਕੁੱਝ ਨਾ ਸਮਝਦੀ ਹੋਈ ਵੀ ਬੇ-ਲੋੜੀ, ਬੇ-ਕਸੂਰੀ ਝਿੜਕ ਨੂੰ ਸਮਝ ਕੇ ਰੋਣ ਹਾਕੀ ਜਹੀ ਹੋ ਗਈ। ਰੁਆਂਸਿਆ ਮੂੰਹ ਲੈ ਕੇ ਰਸੋਈ ਵੱਲ ਮੁੜੀ ਤਾਂ ਸ਼ੰਮੀਂ ਸਾਰੀ ਤਰਸ-ਤਰਸ ਹੋ ਗਈ। ਉਸ ਨੂੰ ਆਵਾਜ਼ ਦੇ ਕੇ ਕਹਿਣ ਲੱਗੀ,

-ਸੁਣ ! ਅੱਜ ਦੁੱਧ ਵਿੱਚ ਸੇਵੀਆਂ ਪਾ ਦੇ। ਦੁੱਧ ਪੀਣ ਨੂੰ ਦਿਲ ਨਹੀਂ ਕਰ ਰਿਹਾ।- ਫੇਰ ਜ਼ਰਾ ਕੁ ਰੁੱਕ ਕੇ ਬੋਲੀ,

-ਹਾਂ ਸੱਚੀਂ ਬਰਾਂਡੇ ਵਿੱਚ ਠੰਢ ਲੱਗਦੀ ਹੋਵੇਗੀ ਤੈਨੂੰ? ਤੂੰ ਆਪਣਾ ਮੰਜਾ ਵੀ ਕਮਰੇ ਅੰਦਰ ਉਸ ਨੁਕਰੇ ਵਿਛਾ ਲੈ। ਸਵੇਰੇ ਚਪੜਾਸੀ ਨੂੰ ਕਹਿ ਕੇ ਵਰਾਂਡੇ ਵਿੱਚ ਚਿਕਾਂ ਲੁਆ ਦਿਆਂਗੀ।-

ਨੌਕਰਾਣੀ ਨੇ ਸਿਰ ਹਿਲਾ ਦਿੱਤਾ, ਪਰ ਮੂੰਹੋਂ ਕੁਝ ਨਾ ਬੋਲੀ। ਸ਼ੰਮੀਂ ਫਿਰ ਖਿਝ ਉਠੀ,

-ਕੁਝ ਮੂੰਹੋਂ ਵੀ ਫੁੱਟ ਪਿਆ ਕਰ। ਜ਼ਰਾ ਕੁ ਮਾਲਕ ਨੇ ਕੁਝ ਕਹਿ ਦਿੱਤਾ, ਮੂੰਹ ਲਟਕਾ ਲਿਐ। ਵੱਡਿਆਂ ਘਰਾਂ ਵਿੱਚ ਰਹਿਣ ਦਾ ਸਲੀਕਾ ਸਿਖੀਦੈ-।

-ਚੰਗਾ ਜੀ।- ਨੌਕਰਾਣੀ ਨੇ ਕਿਹਾ 'ਤੇ ਰਸੋਈ ਵੱਲ ਤੁਰ ਪਈ।

ਸ਼ੰਮੀਂ ਨੇ ਮਹਿਸੂਸ ਕੀਤਾ, ਨੌਕਰਾਣੀ ਦੀ ਆਵਾਜ਼ ਵਿੱਚ ਸ਼ਬਦਾਂ ਨਾਲੋਂ ਅੱਥਰੂਆਂ ਦਾ ਭਾਰ ਜ਼ਿਆਦਾ ਹੈ। ਉਸ ਆਪਣੇ ਆਪ ਨੂੰ ਫਿਟਕਾਰ ਪਾਈ,

-ਸ਼ੀਲ ਦਾ ਗੁੱਸਾ ਮੈਂ ਇਸ ਨੂੰ ਸਭ ਕੁਝ ਕਹਿ ਸਕਦੀ ਹਾਂ। -ਪਰ ਸ਼ੀਲ ਨੂੰ ਕੁਝ ਨਹੀਂ। ਨਹੀਂ ਮੈਂ ਇਤਨੀ ਕਮਜ਼ੋਰ ਨਹੀਂ। ਮੈਂ ਐਤਕੀਂ ਸ਼ੀਲ ਦੀ ਚਿੱਠੀ ਦਾ ਜੁਆਬ ਤੱਕ ਨਹੀਂ ਦੇਣਾ। ਔਰਤ ਦੇ ਕਮਾਊ ਹੋਣ ਦਾ ਅਰਥ ਕੁਰਬਾਨੀ ਦਾ ਬੱਕਰਾ ਹੋਣਾ ਤੇ ਨਹੀਂ ਹੁੰਦੈ।

-ਅਖੇ ਰਾਜੀਵ ਨੂੰ ਕਿੱਧਰੇ ਲੁਆ ਦੇ। ਜਿਵੇਂ ਮੈਂ ਇੱਥੇ ਰੁਜ਼ਗਾਰ ਦਫ਼ਤਰ ਖੋਲ੍ਹਿਆ ਹੋਇਐ।- ਐਤਕੀਂ ਉਚੀ ਬੋਲ ਕੇ ਕਹੇ ਆਪਣੇ ਹੀ ਸ਼ਬਦ ਉਸ ਨੂੰ ਆਪ ਬੜੇ ਅਖਰੇ।

-ਹੈਂ ! ਮੈਂ ਪਾਗਲ ਹੋ ਗਈ ਹਾਂ। ਇਹ ਮੈਂ ਕਿਸ ਨੂੰ ਸੁਣਾ ਰਹੀ ਹਾਂ? ਇਨ੍ਹਾਂ ਬੇਜਾਨ ਕੰਧਾਂ ਨੂੰ। ਸ਼ੀਲ ਨੂੰ ਮੈਂ ਕੁਝ ਕਹਿ ਨਹੀਂ ਸਕਦੀ। ਚਿੱਠੀ ਵਿੱਚ ਕੁਝ ਲਿਖ ਨਹੀਂ ਸਕਦੀ। ਮੇਰੇ ਕਿਤਨੇ ਰੂਪ ਨੇ? ਇਕ ਸ਼ੀਲ ਦੀ ਜੀ-ਹਜ਼ੂਰੀ ਵਜਾਂਦੈ। ਦੂਜਾ ਆਪਣੇ ਆਪ ਵਿੱਚ ਕੁੜ੍ਹਦਾ ਰਹਿੰਦੈ ਅਤੇ ਕਦੇ ਬੇ-ਮਤਲਬ ਨੌਕਰਾਂ 'ਤੇ ਵਰ੍ਹਦੈ। ਮੈਂ ਇਸ ਦਫ਼ਤਰ ਦੀ ਪ੍ਰਬੰਧਕ ਸ਼ੀਲ ਦੇ ਸਾਹਮਣੇ ਭਿੱਜੀ ਬਿੱਲੀ ਬਣ ਜਾਂਦੀ ਹਾਂ। ਮੇਰਾ ਵਿਅਕਤੀਤਵ, ਮੇਰਾ ਆਤਮ ਵਿਸ਼ਵਾਸ, ਮੇਰੀ ਅਫ਼ਸਰੀ, ਮੇਰਾ ਸਵੈ-ਮਾਨ, ਮੇਰੀ ਹੋਂਦ, ਮੇਰੀ ਪਛਾਣ ਕਿੱਥੇ ਗੁਆਚ ਜਾਂਦੀ ਏ? ਸੈਕਸ਼ਨ ਆਫ਼ੀਸਰ ਸ਼ਮਿੰਦਰ ਇੱਕ ਦੱਬੀ ਕੁਚਲੀ ਪ੍ਰੰਪਰਾ ਨਿਭਾਉਂਦੀ ਪਤਨੀ ਹੀ ਰਹਿ ਜਾਂਦੀ ਏ।

ਸੋਚਾਂ ਟੁਕੜੇ-ਟੁਕੜੇ ਹੋ ਕੇ ਉਸ ਦੇ ਅੱਗੇ ਪਿੱਛੇ ਖਿੰਡ ਗਈਆਂ ਹਨ। ਸੋਚਾਂ ਵਿੱਚ ਗੁਆਚਿਆਂ ਉਸ ਨੇ ਰੋਟੀ ਖਾਧੀ। ਉਸ ਦੇ ਹੁਕਮ ਦਾ ਪਾਲਣ ਕਰਦੀ ਨੌਕਰਾਣੀ ਕਦੋਂ ਆਪਣਾ ਮੰਜਾ ਉਸ ਦੇ ਕਮਰੇ ਵਿੱਚ ਵਿਛਾ ਗਈ, ਉਸ ਨੂੰ ਕੁਝ ਵੀ ਪਤਾ ਨਾ ਲੱਗਿਆ। ਹੁਣ ਉਹ ਚੁੱਪ-ਚਾਪ ਸ਼ੰਮੀਂ ਦੇ ਸਾਹਮਣੇ ਖੜੀ ਸੀ। ਉਸ ਵੱਲ ਵੇਖ ਕੇ ਸ਼ੰਮੀਂ ਨੂੰ ਬੇਹੱਦ ਪਿਆਰ ਉਮੱਡ ਆਇਆ।

-ਆ, ਇੱਥੇ ਬੈਠ ਜਾ ਮੇਰੇ ਕੋਲ।- ਨੌਕਰਾਣੀ ਨੂੰ ਆਪਣੇ ਕੰਨਾਂ 'ਤੇ ਇਤਬਾਰ ਨਾ ਆਇਆ। ਫਿਰ ਵੀ ਡਰੀ ਸਹਿਮੀ ਮੰਜੇ ਦੀ ਨੁਕਰੇ ਬੈਠ ਗਈ। ਉਸ ਦੇ ਮੈਲੇ ਕੱਪੜਿਆਂ ਦੀ ਪ੍ਰਵਾਹ ਕੀਤੇ ਬਗ਼ੈਰ ਉਸ ਦੇ ਮੋਢੇ 'ਤੇ ਹੱਥ ਧਰ ਕੇ ਸ਼ੰਮੀਂ ਬੋਲੀ,

-ਵੇਖ ਬੀਬੀ ! ਨੌਕਰਾਂ ਨੂੰ ਮਾਲਕ ਦਾ ਸੁਭਾਅ ਸਮਝਣਾ ਚਾਹੀਦੈ। ਇੱਥੇ ਤਾਂ ਮੈਂ ਇਕੱਲੀ ਹਾਂ, ਜੇ ਤੂੰ ਕਿਸੇ ਟੱਬਰ ਵਾਲੇ ਘਰ ਹੋਵੇਂ ਤਾਂ ਇੰਜ ਮੂੰਹ ਲਟਕਾਇਆਂ ਤੇਰੀ ਇਕ ਮਿੰਟ ਨਾ ਗੁਜ਼ਰ ਹੋਵੇ। ਨੌਕਰ ਨੂੰ ਜੀਅ-ਜੀਅ ਦੇ ਢਿੱਡ ਵਿੱਚ ਵੜਨਾ ਹੁੰਦੈ। ਹਰ ਕੋਈ ਗੱਲ-ਗੱਲ 'ਤੇ ਝਿੜਕ ਛੱਡਦੈ, ਸਭ ਸਹਿਣਾ ਪੈਂਦੈ।

ਨੌਕਰਾਣੀ ਬਿੱਟ-ਬਿੱਟ ਉਸ ਦੇ ਮੂੰਹ ਵੱਲ ਵੇਖ ਰਹੀ ਸੀ। ਮੈਡਮ ਦਾ ਅੱਜ ਦਾ ਵਤੀਰਾ ਉਸ ਦੀ ਸਮਝ ਤੋਂ ਬਾਹਰ ਸੀ। ਉਸ ਨੂੰ ਹੈਰਾਨ ਵੇਖ ਸ਼ੰਮੀਂ ਨੂੰ ਲੱਗਿਐ, ਉਹ ਨੌਕਰਾਣੀ ਨੂੰ ਘੱਟ ਸਮਝਾ ਰਹੀ ਏ, ਬਹੁਤਾ ਆਪਣੇ ਆਪ ਨੂੰ ਪਰਚਾਂਦੀ ਪਈ ਏ। ਨੌਕਰਾਣੀ ਦੀਆਂ ਅੱਖਾਂ ਵਿਚਲੇ ਅਣਡੁੱਲ੍ਹੇ ਅੱਥਰੂ ਉਸ ਦੀਆਂ ਆਪਣੀਆਂ ਅੱਖਾਂ ਵਿੱਚ ਵੀ ਭਰਨ ਲੱਗੇ।

ਮੈਂ ਕਿਤਨੀ ਬੇਵਕੂਫ਼ ਹਾਂ। ਮੈਨੂੰ ਮਾਫ਼ ਕਰ ਦੇ ਮੇਰੀ ਬੀਬੀ ਭੈਣ।

ਇਹ ਲਫ਼ਜ਼ ਸ਼ੰਮੀਂ ਨੇ ਆਪਣੇ ਦਿਲ ਵਿੱਚ ਹੀ ਕਹੇ। ਨੌਕਰਾਣੀ ਨੂੰ ਕਹਿ ਕੇ ਉਹ ਆਪਣੀ ਅਫ਼ਸਰੀ ਦੀ ਹੇਠੀ ਕਿਵੇਂ ਕਰ ਸਕਦੀ ਸੀ? ਸ਼ੰਮੀਂ ਨੇ ਉਸ ਨੂੰ ਪੁੱਛਿਆ,

ਚੌਂਕੀਦਾਰ ਆ ਗਿਐ? ਉਪਰਲਾ ਦਰਵਾਜ਼ਾ ਬੰਦ ਕਰ ਦਿੱਤੈ?

ਜੀ

ਅੱਛਾ। ਬਹਿ ਜਾ ਮੇਰੇ ਕੋਲ ਤੇ ਪੋਲਾ -ਪੋਲਾ ਸਿਰ ਦਬਾ। ਅੱਜ ਤੇ ਲਗਦੈ ਸਿਰ ਫਟਣ ਲਗੈ।

ਕੁਝ ਦੇਰ ਖ਼ਾਮੋਸ਼ੀ ਰਹੀ। ਸ਼ੰਮੀਂ ਨੂੰ ਆਪਣਾ ਦਮ ਘੁਟਦਾ ਮਹਿਸੂਸ ਹੋਇਆ।

ਕਿਤਨੇ ਸਾਲ ਹੋ ਗਏ ਨੇ, ਤੈਨੂੰ ਨੌਕਰੀ ਕਰਦਿਆਂ?

ਜਦੋਂ ਤੋਂ ਹੋਸ਼ ਸੰਭਾਲੀ ਏ।

ਇੰਜ ਹੀ ਘਰ ਤੋਂ ਦੂਰ ਹੀ ਰਹਿੰਦੀ ਏਂ?

ਜੀ,

ਘਰ ਦੀ ਯਾਦ ਨਹੀਂ ਆਂਦੀ?

ਘਰ ਹੋਵੇ ਤਾਂ ਯਾਦ ਆਵੇ। ਨੌਕਰਾਣੀ ਦੀ ਆਵਾਜ਼ ਦਾ ਦਰਦ ਸ਼ੰਮੀਂ ਦੇ ਧੁਰ ਅੰਦਰ ਤੱਕ ਲਹਿ ਗਿਆ।

ਹੈਂ? ਕੀ ਪਈ ਕਹਿੰਨੀ ਏਂ? ਤੂੰ ਤੇ ਦੱਸਿਆ ਸੀ, ਤੇਰੇ ਮਾਂ ਪਿਓ, ਭੈਣਾਂ ਭਰਾ ਵੱਡਾ ਟੱਬਰ ਏ।

ਹਾਂ, ਪਰ ਸਿਰਫ਼ ਮੇਰੀ ਕਮਾਈ ਦੇ ਰਿਸ਼ਤੇਦਾਰ ਨੇ, ਮੇਰੇ ਨਹੀਂ, ਮੇਰੀ ਫ਼ਿਕਰ ਕਿਸ ਨੂੰ ਏ? ਅੱਜ ਕੰਮ ਛੱਡ ਦਿਆਂ। ਕੋਈ ਘਰ ਵੀ ਨਾ ਵੜਨ ਦੇਵੇ। ਦੱਸੋ, ਉਸ ਘਰ ਨੂੰ ਆਪਣਾ ਕਿੰਜ ਕਹਾਂ?

ਸ਼ੰਮੀਂ ਕੋਲ ਕੋਈ ਜੁਆਬ ਨਹੀਂ। ਉਹ ਹੈਰਾਨ ਏ, ਉਸ ਦੀ ਕਹਾਣੀ, ਹਰ ਔਰਤ ਦੀ ਕਹਾਣੀ ਏ। ਘਰ-ਘਰ ਦੀ ਕਹਾਣੀ ਏ। ਨੌਕਰਾਣੀ ਦੱਸੀ ਜਾ ਰਹੀ ਏ,

ਮਾਂ ਕੰਮ ਵੀ ਕਰਦੀ ਏ ਤੇ ਬਾਪੂ ਦੀ ਮਾਰ ਵੀ ਖਾਂਦੀ ਏ... ਮੈਨੂੰ ਤਾਂ ਬਾਪੂ ਦੇ ਹੱਥ ਫੜੀ ਦਾਰੂ ਦੀ ਬੋਤਲ ਯਾਦ ਏ ਜਾਂ ਫਿਰ ਉਸ ਦੇ ਮੂੰਹ ਵਿੱਚੋਂ ਮੀਂਹ ਵਾਂਗ ਕਿਰਦੀਆਂ ਗਾਲ੍ਹਾਂ

ਤੇ ਮਾਂ? ਸ਼ੰਮੀਂ ਉਸ ਦੇ ਗਮ ਵਿੱਚ ਪੂਰੀ ਡੁੱਬ ਗਈ ਸੀ।

ਮਾਂ? ਉਹ ਮਾਂ ਕਦੋਂ ਹੈ? ਉਹ ਤੇ ਇਕ ਬੇਵਸ, ਬੇ-ਆਬਰੂ ਔਰਤ ਹੈ, ਜਿਹੜੀ ਉਸ ਆਦਮੀ ਲਈ ਬੱਚੇ ਜੰਮਦੀ ਵੀ ਰਹੀ ਅਤੇ ਪਾਲਦੀ ਵੀ ਰਹੀ, ਜਿਹੜਾ ਦਾਰੂ ਅਤੇ ਰੋਟੀ ਲਈ ਖੁਦ ਉਸ ਦਾ ਮੁਥਾਜ ਹੈ।

ਓ ਵੈਰੀ ਬੈਡ- ਸ਼ੰਮੀ ਨੂੰ ਹੋਰ ਕੁਝ ਨਾ ਸੁਝਿਆ। ਕੁਝ ਰੁੱਕ ਕੇ ਉਸ ਨੇ ਫਿਰ ਪੁੱਛਿਆ,

ਤੂੰ ਸਭ ਤੋਂ ਵੱਡੀ ਏਂ?

ਨਹੀਂ, ਮੈਥੋਂ ਵੱਡਾ ਇਕ ਭਰਾ ਸੀ।

ਸੀ? ਸੀ ਤੋਂ ਕੀ ਮਤਲਬ? ਸ਼ੰਮੀ ਦੀ ਆਵਾਜ਼ ਵਿੱਚ ਇਕ ਅਣਜਾਣਿਆ ਜਿਹਾ ਡਰ ਸੀ।

ਬਾਪੂ ਦੀ ਮਾਰ ਤੋਂ ਡਰਦਾ, ਘਰੋਂ ਭੱਜ ਗਿਆ। ਮੁੰਡਾ ਸੀ ਨਾ। ਕੁੜੀਆਂ ਵਿਚਾਰੀਆਂ ਤਾਂ ਘਰੋਂ ਭੱਜ ਵੀ ਨਹੀਂ ਸਕਦੀਆਂ। ਨੌਕਰਾਣੀਆਂ ਦੀ ਬੇਵਸੀ ਬੋਲ ਰਹੀ ਸੀ।

ਥੈਂਕ ਗਾਡ- ਸ਼ੰਮੀ ਨੇ ਸੁੱਖ ਦਾ ਸਾਹ ਲਿਆ, ਆਪ ਕਿਆਸੇ ਡਰ ਤੋਂ ਮੁਕਤ ਹੋਣ ਲਈ

ਕੀ?

ਕੁਝ ਨਹੀਂ। ਹੁਣ ਕਿੱਥੇ ਏ ਉਹ?

ਸੁਣਿਆ ਸੀ ਪਹਿਲੇ ਜੇਬਾਂ ਕੱਟਦਾ ਸੀ। ਇਕ ਵਾਰ ਫੜਿਆ ਵੀ ਗਿਆ ਸੀ... ਅੱਜ ਕੱਲ੍ਹ ਮੁੰਡਿਆਂ ਦੇ ਕਾਲਜ ਪੁੜੀਆਂ ਵਿੱਚ ਕੋਈ ਨਸ਼ਾ ਵੇਚਦੈ।

ਹੈਂ? ਸ਼ੰਮੀਂ ਇਕ ਦਮ ਉਠ ਕੇ ਬੈਠ ਗਈ।

ਨੀ ਕਿੱਥੇ? ਕਿੱਥੇ ਵੇਚਦੈ? ਕਿਹੜਾ ਕਾਲਜ? ਉਸ ਨੇ ਨੌਕਰਾਣੀ ਦੀ ਬਾਂਹ ਫੜ ਕੇ ਝੰਜੋੜ ਸੁੱਟੀ।

ਨੌਕਰਾਣੀ ਇਕ ਦਮ ਬੌਂਦਲ ਜਹੀ ਗਈ, ਮੈਨੂੰ ਪੱਕਾ ਪਤਾ ਨਹੀਂ। ਸ਼ਾਇਦ ਡੇਹਰਾਦੂਨ।

ਪਰ, ਉਹ ਤੇ ਪਟਿਆਲੇ ਪੜ੍ਹਦਾ ਸੀ।

ਕੌਣ? ਡਰੀ ਸਹਿਮੀ ਨੌਕਰਾਣੀ ਨੇ ਪੁੱਛਿਆ।

ਮੇਰਾ ਛੋਟਾ ਭਰਾ। ਇਹ ਜਿਹੜਾ ਨਸ਼ਾ ਤੇਰਾ ਭਰਾ ਵੇਚਦੈ, ਇਸ ਨੇ ਮੇਰੇ ਭਰਾ ਦੀ ਜਾਨ ਲਈ ਏ। ਇਹ ਨਸ਼ਾ ਨਹੀਂ, ਜ਼ਹਿਰ। ਤੇ ਇਸ ਨੂੰ ਵੇਚਣਾ ਕਤਲ ਕਰਨ ਵਰਗਾ ਜੁਰਮ ਏ। ਇਹ ਵੇਚਣ ਵਾਲੇ ਮੇਰੇ ਸਾਹਮਣੇ ਆਣ ਤਾਂ ਮੈਂ ਸਾਰਿਆਂ ਨੂੰ ਗੋਲੀ ਮਾਰ ਦਿਆਂ।

ਨੌਕਰਾਣੀ ਥਰ-ਥਰ ਕੰਬਣ ਲੱਗ ਪਈ।

ਸੌਂਹ ਰੱਬ ਦੀ , ਮੈਨੂੰ ਕੁਝ ਨਹੀਂ ਪਤਾ। ਮੈਂ ਤੇ ਜੋ ਸੁਣਿਐ, ਤੁਹਾਨੂੰ ਦੱਸ ਦਿੱਤੈ। ਮੈਨੂੰ ਤੇ ਆਪਣੇ ਭਰਾ ਦੀ ਸ਼ਕਲ ਤੱਕ ਯਾਦ ਨਹੀਂ।

ਤੈਨੂੰ ਕੀ ਪਤੈ, ਤੂੰ ਕੀ ਜਾਣੇ, ਲੋਕੀਂ ਕਿਤਨੇ ਜ਼ਾਲਮ ਹੋ ਗਏ ਨੇ। ਪੈਸੇ ਦੀ ਦੌੜ ਵਿੱਚ ਕਿੱਥੋਂ ਕਿੱਥੇ ਪਹੁੰਚ ਗਏ ਨੇ। ਉਫ਼, ਸਾਡੀ ਸੋਚਣ ਸਮਝਣ ਦੀ ਸ਼ਕਤੀ ਕਿੱਥੇ ਅਲੋਪ ਹੋ ਗਈ ਏ? ਇਹ ਕੀ ਹੁੰਦਾ ਪਿਐ, ਕਿਉਂ ਹੁੰਦਾ ਪਿਐ? ਸ਼ੰਮੀ ਇਤਨੀ ਉਤੇਜਿਤ ਹੋ ਗਈ ਸੀ ਕਿ ਉਹ ਇਹ ਵੀ ਭੁੱਲ ਗਈ ਕਿ ਉਹ ਇਕ ਅਨਪੜ੍ਹ ਨੌਕਰਾਣੀ ਨਾਲ ਗੱਲਾਂ ਕਰ ਰਹੀ ਹੈ।

ਕੀ? ਨੌਕਰਾਣੀ ਵੀ ਹੈਰਾਨ ਹੈ।

ਇਹੋ। ਜੁਆਨੀਆਂ ਨਾਲ ਖਿਲਵਾੜ।

ਮੈਂ ਕੀ ਦੱਸਾਂ ਮੈਡਮ। ਮੈਨੂੰ ਤਾਂ ਭਾਂਡੇ ਸਾਫ਼ ਕਰਨੇ ਆਉਂਦੇ ਨੇ ਜਾਂ ਫਿਰ ਫ਼ਰਸ਼ ਚਮਕਾਣੇ। ਮੈਨੂੰ ਤਾਂ ਇਹੋ ਪਤੈ, ਜੇ ਕੱਪੜੇ ਤੇ ਇਕ ਵੀ ਦਾਗ਼ ਰਹਿ ਜਾਏ ਤਾਂ ਮਾਲਕ ਲੱਕ ਤੋੜਨ ਤੱਕ ਆ ਜਾਂਦੈ।

ਤੂੰ ਠੀਕ ਕਹਿੰਦੀ ਪਈਂ ਏ। ਮਨੁੱਖ ਜਿਤਨਾ ਅੰਦਰੋਂ ਦਾਗ਼ੀ ਹੋਈ ਜਾਂਦੈ, ਉਤਨੇ ਹੀ ਚਿੱਟੇ ਕੱਪੜੇ ਪਾਣ ਲੱਗ ਪਿਐ। ਸਭ ਕੁਝ ਲੁਕ ਜਾਂਦੈ ਨਾ ਇਨ੍ਹਾਂ ਥੱਲੇ।

ਹੱਛਾ ਜੀ। ਨੌਕਰਾਣੀ ਦੀ ਹੈਰਾਨੀ ਅੰਤਾਂ 'ਤੇ ਸੀ।

ਖ਼ੂਨ ਹੀ ਸਫ਼ੈਦ ਹੋ ਗਿਐ ਲੋਕਾਂ ਦਾ, ਹੈਂ ਨਾ?

ਕੀ ਪਤਾ ਜੀ ! ਗ਼ਰੀਬਾਂ ਵਿੱਚ ਤਾਂ ਖ਼ੂਨ ਹੁੰਦਾ ਈ ਨਹੀਂ... ਮੇਰੀ ਮਾਂ ਨੇ ਮੈਨੂੰ ਚੋਰੀ ਕਰਨੀ ਸਖਾਈ ਏ। ਮਾਲਕਾਂ ਦੀਆਂ ਰਸੋਈਆਂ ਵਿੱਚੋਂ ਰੋਟੀਆਂ ਚੁੱਕਣੀਆਂ ਤੇ ਫਿਰ ਘਰ ਲਿਆ ਕੇ ਛੋਟੇ ਭੈਣਾਂ ਭਰਾਵਾਂ ਨੂੰ ਖੁਆਣੀਆਂ। ਵੱਡੀ ਹੋਈ ਤਾਂ ਘਰ ਕੰਮ 'ਤੇ ਘਲਿਆ ਤੇ ਫਿਰ ਪੈਸੇ ਲਈ ਮੈਥੋਂ ਉਹ ਕਰਵਾਇਆ ਜੋ ਮੈਂ ਦੱਸ ਨਹੀਂ ਸਕਦੀ। ਨੌਕਰਾਣੀ ਦਾ ਗੱਚ ਭਰ ਆਇਆ। ਕੋਈ ਮਾਂ ਇੰਜ ਕਰਦੀ ਏ? ਮਾਂ ਦਾ ਖ਼ੂਨ ਹੁੰਦਾ ਤਾਂ ਖੌਲਦਾ ਨਾ?

ਹੁਣ ਸ਼ੰਮੀ ਹੈਰਾਨ ਸੀ, ਪ੍ਰੇਸ਼ਾਨ ਸੀ। ਉਹ ਨੌਕਰਾਣੀ ਨੂੰ ਕੀ ਜੁਆਬ ਦੇਵੇ। ਉਸ ਨੂੰ ਕਿੰਜ ਸਮਝਾਵੇ, ਅੱਜ ਰਿਸ਼ਤਿਆਂ ਦੇ ਅਰਥ ਕਿਤਨੇ ਬਦਲ ਗਏ ਨੇ। ਮਨੁੱਖ ਕਿਸ 'ਤੇ ਇਤਬਾਰ ਕਰੇ। ਉਸ ਦੀ ਆਪਣੀ ਮਾਂ ਨੇ ਪੰਜ ਵਰ੍ਹੇ ਉਸ ਦਾ ਵਿਆਹ ਅੱਗੇ ਪਾ ਦਿੱਤਾ ਸੀ। ਘਰ ਵਿੱਚ ਕੋਈ ਹੋਰ ਕਮਾਣ ਵਾਲਾ ਜੁ ਨਹੀਂ ਸੀ। ਤੇ ਹੁਣ ਪੈਸੇ ਲਈ ਹੀ ਸ਼ੀਲ ਨੇ ਉਸ ਦੇ ਪੰਜ ਹੋਰ ਵਰ੍ਹੇ ਅੱਗੇ ਧੱਕ ਦਿੱਤੇ ਨੇ।

ਇਕ ਮਾਂ ਦੂਜੇ ਬੱਚੇ ਨੂੰ ਪਾਲਣ ਲਈ ਪਹਿਲੇ ਦਾ ਜੀਵਨ ਦਾਅ 'ਤੇ ਲਾ ਦਿੰਦੀ ਏ। ਇਕ ਪਤੀ ਆਪਦੀਆਂ ਜ਼ਿੰਮੇਵਾਰੀਆਂ ਲਈ ਪਤਨੀ ਦੀ ਜੁਆਨੀ, ਚਾਅ, ਖੁਸ਼ੀਆਂ ਸਭ ਭੁੱਲ ਜਾਂਦੈ।

ਸ਼ੰਮੀ ਦਾ ਦਿਲ ਕੀਤਾ ਉਹ ਉੱਚੀ-ਉੱਚੀ ਰੋਵੇ,...ਤੇ ਫਿਰ ਕੋਈ ਉਸ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਪਲੋਸੇ ਭਾਵੇਂ ਇਹ ਨੌਕਰਾਣੀ ਹੀ। ...ਪਰ ਇਨ੍ਹਾਂ ਕਮਜ਼ੋਰ ਪਲਾਂ 'ਤੇ ਕਿਸੇ ਤਰ੍ਹਾਂ ਉਸ ਨੇ ਕਾਬੂ ਪਾ ਹੀ ਲਿਆ।

ਅਸੀਂ ਸਾਰੇ ਹੀ ਬੇਵੱਸ ਹਾਂ। ਜਾਹ ਹੁਣ ਤੂੰ ਸੌਂ ਜਾਹ। ਬਹੁਤ ਰਾਤ ਹੋ ਗਈ ਏ।

ਨੌਕਰਾਣੀ ਚੁੱਪ-ਚਾਪ ਆਪਣੇ ਮੰਜੇ 'ਤੇ ਜਾ ਲੇਟੀ। ਉਹ ਸੌਂ ਗਈ ਜਾਂ ਜਾਗਦੀ ਰਹੀ, ਪਰ ਸ਼ੰਮੀ ਨੂੰ ਆਪ ਨੀਂਦ ਤੋਂ ਡਰ ਆਉਣ ਲੱਗਿਆ,

ਜੇ ਮੈਂ ਸੌਂ ਗਈ ਤਾਂ ਸੁਪਨੇ ਵੀ ਮੈਨੂੰ ਚੈਨ ਨਹੀਂ ਲੈਣ ਦੇਣਗੇ।

**ਧੰਨਵਾਦ ਸਹਿਤ ਪੁਸਤਕ 'ਇਹ ਕੇਹੀ ਬਾਲ-ਵਸੇਰ' 'ਚੋਂ**

**ਪੰਜਾਬੀ ਸੱਥ ਲਾਂਬੜਾ**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ



# ਕਾਵਿ-ਕਿਆਰੀ



## ਦੋ ਕਵਿਤਾਵਾਂ

### ਹਰਬਖ਼ਸ਼ ਸਿੰਘ ਟਾਹਲੀ

### (1) ਸਮਾਂ



ਸਮੇਂ ਦੀ ਉਡੀਕ ਨਾ ਕਰੋ
ਕਿਉਂਕਿ ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ
ਜਿਹੜੇ ਹੁੰਧਿਆਂ ਉਤੇ ਬੈਠੇ ਰਹਿੰਦੇ ਹਨ।
ਜ਼ਿੰਦਗੀ ਦੀ ਬਾਜ਼ੀ ਹਾਰ ਜਾਂਦੇ ਹਨ।
ਜ਼ਿੰਦਗੀ ਦੀ ਬਾਜ਼ੀ ਜਿੱਤਣ ਲਈ ਦੰਮ ਪਾਉਣਾ ਪੈਂਦਾ ਹੈ
ਸਮੇਂ ਦੀ ਚਾਲ ਨਾਲ ਚਲਦੇ ਚਲੋ
ਰਾਹ ਸੁਖਾਵੇਂ ਹੋ ਜਾਣਗੇ ਅਤੇ ਮੰਜ਼ਿਲ ਦਿੱਸ ਪਵੇਗੀ।
ਕਿਨਾਰੇ ਉਤੇ ਬੈਠ ਕੇ ਵਗਦੇ ਦਰਿਆ ਵਲ ਦੇਖੋ
ਅਸੀਂ ਦੇਖੀ ਜਾਵਾਂਗੇ ਤੇ ਉਹ ਚਲਦਾ ਜਾਵੇਗਾ।
ਰਵਾਨਗੀ ਵਿੱਚ ਚਲਦਾ ਪਾਣੀ ਸਾਗਰ ਵਿੱਚ ਮਿਲੇਗਾ
ਖੜੋਤਾ ਪਾਣੀ ਛੱਪੜ ਬਣ ਜਾਵੇਗਾ ਅਤੇ ਜ਼ਿੰਦਗੀ
ਨਾਲੋਂ ਟੁੱਟ ਜਾਵੇਗਾ-ਸਾਗਰਾਂ ਤੋਂ ਕੋਹਾਂ ਦੂਰ
ਪਾਣੀ ਦਾ ਲਕਸ਼ ਸਾਗਰ 'ਚ ਮਿਲਣਾ ਹੈ।
ਉੱਡਦੀਆਂ ਕੂੰਜਾਂ ਮੌਸਮ ਦੀ ਮਾਰ ਵਿੱਚ ਨਹੀਂ ਔਂਦੀਆਂ
ਅੱਖਾਂ ਬੰਦ ਕਰਕੇ ਕੋਈ ਕਬੂਤਰ ਬਿੱਲੀ ਦੇ
ਪੰਜਿਆਂ ਤੋਂ ਬਚ ਨਹੀਂ ਪਾਏਗਾ-ਉਸ ਨੂੰ ਉਡਣਾ ਪਵੇਗਾ
ਉਡਣਾ ਜ਼ਿੰਦਗੀ ਦਾ ਉਦੇਸ਼ ਹੈ।
ਜਿਊਂਦੀ ਜ਼ਿੰਦਗੀ ਸਮੇਂ ਦੇ ਹਾਣ ਵਿੱਚ ਜਿਊਂਦਾ ਹੈ
ਮਰੀ ਹੋਈ ਜ਼ਿੰਦਗੀ ਸਮੇਂ ਦੀ ਬੁੱਕਰ ਵਿਚੋਂ ਡਿਗ ਜਾਂਦੀ।


### (2) ਤੇਰਾ ਕੀਤਾ

ਪਤਾ ਲੱਗਾ ਹੈ ਧਰੂ-ਤਾਰਾ ਸੂਰਜ ਤੋਂ ਵੱਡਾ ਹੈ।
ਉਸ ਦੀ ਰੌਸ਼ਨੀ ਸੂਰਜ ਤੋਂ ਦੋ ਹਜ਼ਾਰ ਗੁਣਾ ਵੱਧ ਹੈ।
ਇਹ ਵੀ ਪਤਾ ਲੱਗਾ ਹੈ ਕਿ ਆਕਾਸ਼ ਵਿੱਚ ਕਈ ਸੂਰਜ ਹਨ
ਅਤੇ ਧਰੂ ਤਾਰਿਆਂ ਦੀ ਕੋਈ ਗਿਣਤੀ ਨਹੀਂ ਹੈ।
ਵਿਗਿਆਨਕ ਖੋਜ ਦੱਸਦੀ ਹੈ ਕਿ ਹਿ ਸ਼ਕਤੀ ਸਰੋਤ ਤਾਰੇ
ਆਕਾਸ਼ ਵਿੱਚ ਆਪਣੇ ਆਪ ਬਣਦੇ ਹਨ ਅਤੇ ਮਰ ਜਾਂਦੇ ਹਨ।
ਵਿਗਿਆਨ ਨੇ ਗਲੈਕਸੀਆਂ ਦੀ ਹੋਂਦ ਅਤੇ ਖਾਤਮੇ
ਦਾ ਅੰਦਾਜ਼ਾ ਲਗਾ ਲਿਆ ਹੈ ਪਰ ਅੰਤ ਦੀ ਗੱਲ ਨਹੀਂ
ਵਿਗਿਆਨ ਅੰਤ ਦੀ ਖੋਜ ਕਰਨ ਦਾ ਉਦੇਸ਼ ਰਖਦੀ ਹੈ
ਧਰਮ ਅੰਤ ਨੂੰ ਪਹਿਲਾਂ ਮੰਨ ਕੇ ਚਲਦਾ ਹੈ ਅਤੇ ਫਿਰ
ਵਿਸਥਾਰ ਵਿੱਚ ਜਾਂਦਾ ਹੈ ਬੇਅੰਤਤਾ ਦੇ ਗੀਤ ਗਾਉਂਦਾ ਹੈ
ਵਿਗਿਆਨ ਅੱਖਾਂ ਖੋਲ੍ਹ ਕੇ ਸੂਰਤ ਦੇਖਣ ਦੀ ਇੱਛਕ ਹੈ
ਧਰਮ ਅੱਖਾਂ ਬੰਦ ਕਰਕੇ ਅੰਦਰ ਦੇ ਧਿਆਨ ਵਿੱਚ ਉਤਰਦਾ ਹੈ
ਜਦੋਂ ਮਨੁੱਖ ਵਿਗਿਆਨਕ ਅੱਖ ਨਾਲ ਆਕਾਸ਼ ਵੱਲ ਦੇਖਦਾ ਹੈ
ਅਤੇ ਧਰਮ ਦੀ ਨਿਗਾਹ ਨਾਲ ਅੰਦਰ ਵੱਲ ਨੂੰ ਤੁਰਦਾ ਹੈ
ਫਿਰ ਪਿਆਰ ਦੀ ਬਾਣੀ ਚਲਦੀ ਹੈ, ਐਸੀ ਬਾਣੀ ਜਿੱਥੇ ਜ਼ਿੰਦਗੀ ਦਾ ਸੱਚ
ਅਣਕਿਆਸਿਆ ਨਹੀਂ ਸਗੋਂ ਹਕੀਕਤ ਬਣ ਕੇ ਪ੍ਰਗਟ ਹੁੰਦਾ ਹੈ।
ਅਤੇ ਮੁਖੋਂ ਆਪ-ਮੁਹਾਰੇ ਨਿਕਲ ਤੁਰਦਾ ਹੈ - ਤੇਰਾ ਕੀਤਾ ਜਾਤੋ ਨਾਹੀਂ...।

**ਧੰਨਵਾਦ ਸਹਿਤ 'ਸ਼ਬਦਾਂ ਦੇ ਸੰਜੋਗ' 'ਚੋਂ**

*****

## ਮਾਡਰਨ ਮਾਪੇ : ਬੱਚੇ ਸੰਤਾਪੇ



ਜਦੋਂ ਵੀ ਕੋਈ, ਸੱਤ ਅੱਠ ਨੌਂ ਸਾਲ ਦਾ ਬੱਚਾ।
ਨਵੀਂ ਨਵੇਲੀ, ਕੱਚੀ ਕਰੂੰਬਲ ਵਰਗਾ ਕੱਚਾ।
ਮਾਪਿਆਂ ਦੇ, ਮਨਪਸੰਦ ਮਾਡਰਨ ਸਕੂਲੋਂ,
ਪੂਰੀ ਤਰ੍ਹਾਂ, ਥੱਕਿਆ ਟੁੱਟਿਆ ਹਾਰਿਆ ਹੁਟਿਆ
ਧਰੂ-ਘੜੀਸ ਕੇ, ਆਟੋ-ਬੱਘੀ ਵਿਚ ਸੁੱਟਿਆ।
ਘਰ ਆ ਕੇ, ਲਾਹੁਣ ਪਾਉਣ ਲਈ,
ਅਧਿਕਾਰਿਤ, ਬਚਪਨੀ ਜ਼ਿੱਦ ਪੁਗਾਉਣ ਲਈ।
ਬੇਸਮਝੀ ਵਿਚ, ਸਮਾਂ ਗੁਆਵੇ, ਵਕਤ ਵਿਹਾਵੇ,
ਉਸ ਨੂੰ, ਮਾਂ ਬੋਲੀ ਵਿਚ ਪਿਆਰਨ ਪੁਚਕਾਰਨ ਦੀ ਥਾਂ
ਹਮ ਕੋ ਤੁਮ ਕੋ, ਹੈਲੋ ਫ਼ੈਲੋ ਕਹਿ ਬੁਲਾਉਂਦੇ ਨੇ।
ਲੋੜੋਂ ਵੱਧ, ਵਿਖਾਵੇ ਦਾ ਦਾਹਵਾ ਕਰਕੇ
ਇਹ ਹਠਧਰਮੀਂ, ਮਾਡਰਨ ਮਾਪੇ ਅਖਵਾਉਂਦੇ ਨੇ।
ਪਤਾ ਨਹੀਂ ਮਾਸੂਮਾਂ ਤੋਂ ਕੀ ਚਾਹੁੰਦੇ ਨੇ,
ਪਤਾ ਨਹੀਂ ਕਿਉਂ ਖਾਹਮਖਾਹ ਚਿੜਾਉਂਦੇ ਨੇ।
ਫਿਰ ਕੋਈ ਜੀਅ, ਆਪਣੀ ਮਰਜ਼ੀ ਪਰੋਸਨ ਲਈ।
ਰੋਣੋਂ ਧੋਣੋਂ ਰੋਕਣ ਦੀ ਥਾਂ, ਕੋਸਨ ਲਈ।
ਰਿਸ਼ਤਾ ਭੁਲਾ ਕੇ, ਹੋਸ਼ ਗੁਆ ਜੋਸ਼ 'ਚ ਆ ਕੇ,
ਗੁੱਸੇ ਨਾਲ; ਘਰ-ਗਲੀ-ਮੁਹੱਲਾ ਸਿਰ ਤੇ ਚਾਅ ਕੇ
ਕੱਚੇ ਤੇਨ ਅਵਿਕਸਤ ਮਨ, ਨੂੰ ਜਿਵੇਂ ਦਬਕਾਉਂਦਾ ਹੈ।
ਰਾਤ ਭਰ; ਸੁਪਨਿਆਂ ਵਿਚ, ਵੀ ਤਿਵੇਂ ਹੀ ਆਉਂਦਾ ਹੈ।
ਜਿਸ ਦਾ ਬੁਰੀ ਤਰ੍ਹਾਂ, ਉਹ ਹੰਬਿਆ ਝੰਬਿਆ,
ਉਭੇ ਸਾਹ, ਹੁਬਕ ਹੁਬਕ ਕੇ, ਡੁਬਕ ਡੁਬਕ ਕੇ
ਰੇਜੀਦਾ ਹੋਇਆ, ਮੂਕ ਰੋਣਾ ਰੋ ਲੈਂਦਾ ਹੈ।
ਹੰਝੂਆਂ ਨਾਲ, ਗੱਲ੍ਹਾਂ-ਮਗੱਲ੍ਹਾਂ ਧੋ ਲੈਂਦਾ ਹੈ।
ਉਮਰੋਂ ਛੋਟਾ, ਸਵੈ ਸਤਿਕਾਰ ਜਜ਼ਬਾਤੀਂ ਵੱਡਾ
ਗੁੰਮਸੁੰਮ ਹੋਇਆ, ਅੰਦਰ ਵੜ ਕੇ ਮੱਥਾ ਫੜ ਕੇ,

ਤਨ ਮਨ ਨੂੰ ਆਈਆਂ ਮੋਚਾਂ ਦੇ,
ਬੇਮੁਹਾਰੀਆਂ ਸਮਝੋ ਬਾਹਰੀਆਂ ਸੋਚਾਂ ਦੇ।
ਚੱਕਰਵਿਊ ਵਿਚ, ਆਪੇ ਤੋਂ ਆਪਾ ਲਕੋ ਲੈਂਦਾ ਹੈ।
ਉਦਾਸ ਆਲਮ ਵਿਚ, ਦਿਲ ਦੇ ਬੂਹੇ ਢੋ ਲੈਂਦਾ ਹੈ।
ਵੱਡਾ ਹੋਇਆ, ਕਈ ਕਈ ਦਿਨ ਜਦ ਸਕੂਲੋਂ ਕਾਲਜੋਂ
ਘਰੋਂ ਡਰਦਾ, ਸਮੇਂ ਸਿਰ ਘਰ ਨਾ ਆਉਂਦਾ ਹੈ।
ਸੰਤਾਪੇ ਇਕਲਾਪੇ ਬੱਚਿਆਂ ਦਾ, ਇਹ ਮਨਫ਼ੀ ਉਦਰੇਵਾਂ,
ਅਖੌਤੀ ਮਾਡਰਨ ਮਾਪਿਆਂ ਨੂੰ, ਦਹਿਲਾਉਂਦਾ ਹੈ।
ਫਿਰ ਇਨ੍ਹਾਂ ਨੂੰ, 'ਆਪਣਾ', ਆਪਣੇ ਬੱਚਿਆਂ ਪ੍ਰਤੀ
ਮਮਤਾ ਵਿਹੂਣਾ ਤਰਕੋਂ ਊਣਾ, ਵਰਤਾਰਾ ਤੜਪਾਉਂਦਾ ਹੈ।
ਲੰਮ੍ਹਾਂ ਬੀਤਿਆ ਸਮਾਂ, ਜੋ ਖਾ ਲਿਆ ਬੱਚਿਆਂ ਦਿਆਂ ਗ਼ਮਾਂ
ਵਹਿਣ ਪਏ ਦਰਿਆਵਾਂ ਵਾਂਗੂੰ, ਕਦੇ ਨਾ ਮੁੜ ਕੇ ਆਉਂਦਾ ਹੈ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
98153-03206

*****

## ਸਿੱਖ ਲੈ ਪੰਜਾਬੀ

ਸਿੱਖ ਲੋ ਪੰਜਾਬੀ ਬੀਬਾ ਕੰਮ ਤੇਰੇ ਆਉਗੀ।
ਜਿੱਥੇ ਵੀ ਤੂੰ ਜਾਵੇ ਪਹਿਚਾਣ ਇਹ ਕਰਾਉਗੀ।
ਸਿੱਖ ਲੈ ਪੰਜਾਬੀ----
ਪੈਂਤੀ ਇਨ੍ਹਾਂ ਅੱਖਰਾਂ ਦਾ ਆਪਣਾ ਹੀ ਰੰਗ ਏ।
ਵੱਖਰੀ ਹੀ ਦਿੱਖ ਵੱਖਰਾ ਹੀ ਪ੍ਰਸੰਗ ਏ।
ਖ਼ੁਸ਼ਬੋ ਗ਼ੁਲਾਬ ਜਿਹੀ ਦੇਖੀਂ ਮਨ ਭਾਉਗੀ।
ਸਿੱਖ ਲੈ ਪੰਜਾਬੀ----
ਮਾਂ ਦਾ ਦੁੱਧ ਮਾਂ ਬੋਲੀ ਮਾਂ ਕੋਲੋਂ ਮਿਲਦੀ।
ਸਮਝਦਾ ਕਿਉਂ ਨਹੀਂ ਯਾਰਾ ਗੱਲ ਤੂੰ ਇਹ ਦਿਲ ਦੀ।
ਦੇਖੀਂ ਸਭੇ ਬੋਲੀਆਂ ਤੇ ਮਾਤ ਇਹ ਪਾਉਗੀ।
ਸਿੱਖ ਲੈ ਪੰਜਾਬੀ----
ਉੜਾ, ਆੜਾ, ਈੜੀ ਤਿੰਨ ਅੱਖਰ ਦਸੇਰੇ ਨੇ।
ਸ਼ਬਦਾਂ ਦੇ ਭਾਵ ਵਿੱਚ ਲ਼ਗਾਂ ਦੇ ਨਿਬੇੜੇ ਨੇ।
ਲ਼ਗਾਂ ਦੀ ਮੁਹਾਰਨੀ ਇਹ ਰਾਸਤਾ ਦਿਖਾਉਗੀ।
ਸਿੱਖ ਲੈ ਪੰਜਾਬੀ----
ਪੈਂਤੀ ਵਿੱਚ ਬੀਬਾ ਪੰਜ ਅੱਖਰ ਨਿਆਰੇ ਨੇ
ਬਾਬਲ ਇਹ ਆਖ ਜਾਂਦੇ ਦੇਖ ਸਤਿਕਾਰੇ ਨੇ।
ਲਿਖੇਂਗਾ ਜਦੋਂ ਇਹ ਤੈਨੂੰ ਸਮਝ ਕਰਾਉਗੀ।
ਸਿੱਖ ਲੈ ਪੰਜਾਬੀ----"
ਉਤੇ ਥੱਲੇ ਬਿੰਦੀ ਦੀ ਅਵਾਜ਼ ਵੱਖੋ ਵੱਖ ਏ।
ਲ਼ਗਾਂ ਦਾ ਗਿਆਨ ਮਾਤਰਾ ਦੀ ਪਰਖ ਏ।
ਬੈਠ ਮਾਂ ਦੀ ਗੋਦ ਝੂੱਲਾ ਪਿਆਰ ਦਾ ਝੁਲਾਉਗੀ।
ਸਿੱਖ ਲੈ ਪੰਜਾਬੀ----
ਅੱਖਰ ਉਚਾਰਨ ਹੈ, ਮੁਕਤੇ ਦਾ ਗਿਆਨ ਇਹ।
ਹੋਣ ਦਾ ਪੰਜਾਬੀ 'ਸੋਹਲ' ਦੇਉ ਸਨਮਾਨ ਇਹ।
ਦੇਖੀਂ ਸਭੇ ਬੋਲੀਆਂ ਨੂੰ ਮਾਤ ਕਿਵੇਂ ਪਾਉਗੀ।
ਸਿੱਖ ਲੈ ਪੰਜਾਬੀ ਬੀਬਾ ਕੰਮ ਤੇਰੇ ਆਉਗੀ।

**ਸੰਤ ਸਿੰਘ 'ਸੋਹਲ'**
**ਨਿਗਰਾਨ :- ਪੰਜਾਬੀ ਸੱਥ 'ਸਰਹਿੰਦ'**
**(ਫਤਹਿਗੜ੍ਹ ਸਾਹਿਬ)**

*****

### (ਵਿਅੰਗ)

## ਕਰ ਕੁਰਸੀ ਨਾਲ ਪਿਆਰ

ਕਰ ਕੁਰਸੀ ਨਾਲ ਪਿਆਰ ਓ ਸਜਣਾ, ਕੁਰਸੀ ਨਾਲ ਪਿਆਰ,
ਕੁਰਸੀ ਹੀ ਤੇਰੀ ਸੱਜਣ ਮਿੱਤਰ ਕੁਰਸੀ ਰਿਸ਼ਤੇਦਾਰ।

ਇਹ ਕੁਰਸੀ ਤੈਨੂੰ ਮਸਾਂ ਥਿਆਈ, ਪਾ ਲੈ ਇਸ ਨੂੰ ਜੱਫਾ,
ਹੱਥੋਂ ਕਿਤੇ ਖਿਸਕ ਨਾ ਜਾਵੇ, ਪਿਆ ਜੇ ਕਿਧਰੋਂ ਧੱਫਾ।
ਚਿੰਬੜ ਜਾਹ ਇਸ ਕੁਰਸੀ ਨਾਲ ਤੂੰ ਆਖਾਂ ਬਾਰੰਬਾਰ,
ਕਰ ਕੁਰਸੀ ਨਾਲ ਪਿਆਰ ਓ ਸਜਣਾ, ਕੁਰਸੀ ਨਾਲ ਪਿਆਰ।

ਕਈਆ ਨੂੰ ਤੂੰ ਬਾਪ ਬਣਾ ਕੇ ਕੁਰਸੀ ਜੋਗਾ ਹੋਇਆ,
ਲੱਖਾਂ ਪਾਪੜ ਬੇਲੇ ਇਸ ਲਈ ਧੁੱਪੇ ਛਾਵੇਂ ਖਲੋਇਆ।
ਆਨ ਸ਼ਾਨ ਵੀ ਦਾਅ ਤੇ ਲਾਈ ਹੋਇਆਂ ਬਹੁਤ ਖੁਆਰ,
ਕਰ ਕੁਰਸੀ ਨਾਲ ਪਿਆਰ ...।

ਟੱਬਰ ਨੂੰ ਭਾਵੇਂ ਭੁੱਲ ਜਾਵੀਂ ਪਰ ਨਾ ਕੁਰਸੀ ਭੁਲੀਂ,
ਕੁਰਸੀ ਵਿੱਚ ਹੀ ਸਾਰੀ ਬਰਕਤ ਏਸ ਬਰਾਬਰ ਤੁਲੀਂ।
ਇਹ ਕੁਰਸੀ ਸੁੱਖਾਂ ਦੀ ਚਾਬੀ ਇਹ ਰੰਗਲਾ ਸੰਸਾਰ,
ਕਰ ਕੁਰਸੀ ਨਾਲ ਪਿਆਰ ...।

ਕੁਰਸੀ ਵਾਲਿਆ ਕੁਰਸੀ ਦੇ ਸੰਗ ਪੂਰੀ ਵਫਾ ਨਿਭਾਹੀਂ,
ਬਣਕੇ ਢੀਠ ਬੈਠੀਂ ਕੁਰਸੀ ਤੇ ਐਵੇਂ ਨਾ ਘਬਰਾਈਂ।
ਮੁੜਕੇ ਹੱਥ ਨਹੀਂ ਆਉਣੀ ਕੁਰਸੀ ਛੱਡ 'ਤੀ ਜੇ ਇੱਕ ਵਾਰ,
ਕਰ ਕੁਰਸੀ ਨਾਲ ਪਿਆਰ ...।

'ਈਸਪੁਰੀ' ਤੈਨੂੰ ਸਮਝਾਵੇ ਲਾਜ ਏਸ ਦੀ ਰੱਖੀਂ,
ਕੁਰਸੀ ਵੱਲ ਹੀ ਤੱਕੀਂ ਬੱਲਿਆ ਦੁਨੀਆਂ ਵੱਲ ਨਾ ਤੱਕੀਂ।
ਕਾਠ ਦੀ ਹਾਂਡੀ ਨਿੱਤ ਨਹੀਂ ਚੜ੍ਹਨੀ ਚੜ੍ਹਦੀ ਹੈ ਇੱਕ ਵਾਰ,
ਕਰ ਕੁਰਸੀ ਨਾਲ ਪਿਆਰ ...।

**ਆਸ਼ੀ ਈਸਪੁਰੀ**
**ਜਲੰਧਰ**

## ਸਿਹਤ ਸੰਭਾਲ

# ਤੇਜ਼ੀ ਨਾਲ ਵੱਧ ਰਹੀ ਹੈ ਗੁਰਦੇ 'ਚ ਪੱਥਰੀ ਦੀ ਬਿਮਾਰੀ



ਅੱਜ ਕੱਲ੍ਹ ਗੁਰਦੇ ਦੀ ਪੱਥਰੀ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਦੇਖਿਆ ਤੇਜ਼ੀ ਨਾਲ ਵੱਧ ਰਹੀ ਹੈ ਗੁਰਦੇ 'ਚ ਪੱਥਰੀ ਦੀ ਬਿਮਾਰੀ ਜਾ ਰਿਹਾ ਹੈ। ਭਾਵੇਂ ਪੱਥਰੀ ਵਿਰਲੇ ਕੇਸਾਂ ਵਿਚ ਹੀ ਜਾਨਲੇਵਾ ਹੁੰਦੀ ਹੈ ਪਰ ਇਹ ਜ਼ਿਆਦਾ ਦਰਦ ਅਤੇ ਤਕਲੀਫ ਦਾ ਕਾਰਨ ਤਾਂ ਬਣਦੀ ਹੀ ਹੈ। ਯੂਰੋਲਾਜਿਸਟਸ ਦਾ ਮੰਨਣਾ ਹੈ ਕਿ ਪਹਿਲਾਂ ਲੋਕਾਂ ਵਿਚ ਆਮ ਤੌਰ 'ਤੇ 40 ਜਾਂ 50 ਸਾਲਾਂ ਤੱਕ ਹੀ ਪੱਥਰੀ ਦੇ ਮਾਮਲੇ ਦੇਖੇ ਜਾਂਦੇ ਸਨ ਪਰ ਹੁਣ 20 ਤੋਂ 30 ਸਾਲਾਂ ਦੇ ਨੌਜਵਾਨ ਵੀ ਤੇਜ਼ੀ ਨਾਲ ਪੱਥਰੀ ਦੀ ਲਪੇਟ ਵਿਚ ਆਉਂਦੇ ਜਾ ਰਹੇ ਹਨ, ਜਿੱਥੇ 12 ਫੀਸਦੀ ਮਰਦ ਅਤੇ 7 ਫੀਸਦੀ ਮਹਿਲਾਵਾਂ ਦੇ ਪੱਥਰੀ ਤੋਂ ਪੀੜਤ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ, ਉੱਥੇ ਹੁਣ ਮਾਹਿਰਾਂ ਦਾ ਕਹਿਣਾ ਹੈ ਕਿ ਮਹਿਲਾਵਾਂ ਦੇ ਪੱਥਰੀ ਤੋਂ ਪੀੜਤ ਹੋਣ ਦੀ ਦਰਦ ਵੀ ਤੇਜ਼ੀ ਨਾਲ ਵੱਧ ਰਹੀ ਹੈ।

ਇਕ ਹੋਰ ਚਿੰਤਾਜਨਕ ਤੱਥ ਸਾਹਮਣੇ ਆਇਆ ਹੈ ਕਿ ਜਿੱਥੇ ਪਹਿਲਾਂ ਗੁਰਦੇ ਦੀ ਪੱਥਰੀ ਬੱਚਿਆਂ ਵਿਚ ਬਹੁਤ ਘੱਟ ਹੀ ਦੇਖੀ ਜਾਂਦੀ ਸੀ, ਉੱਥੇ ਹੁਣ ਉਨ੍ਹਾਂ ਵਿਚ ਵੀ ਪੱਥਰੀ ਦੇ ਮਾਮਲੇ ਆਮ ਹੁੰਦੇ ਜਾ ਰਹੇ ਹਨ।

ਮਾਹਿਰ ਖਾਣ-ਪੀਣ ਦੀਆਂ ਬਦਲਦੀਆਂ ਆਦਤਾਂ ਅਤੇ ਮੋਟਾਪੇ ਨੂੰ ਹੀ ਗੁਰਦੇ ਦੀ ਪੱਥਰੀ ਦੇ ਵਧਦੇ ਮਾਮਲਿਆਂ ਦਾ ਸਭ ਤੋਂ ਵੱਡਾ ਦੋਸ਼ੀ ਮੰਨਦੇ ਹਨ। ਖਾਸ ਕਰਕੇ ਮਹਿਲਾਵਾਂ ਵਿਚ ਭਾਰ ਵੱਧਣ ਨਾਲ ਪੱਥਰੀ ਦਾ ਖਤਰਾ ਕਿਤੇ ਜ਼ਿਆਦਾ ਵੱਧ ਜਾਂਦਾ ਹੈ। ਇਕ ਖੋਜ ਤੋਂ ਪ੍ਰਾਪਤ ਸਿੱਟਿਆਂ ਅਨੁਸਾਰ ਜਿੱਥੇ ਲਗਪਗ 17 ਕਿਲੋ ਭਾਰ ਵੱਧਣ ਨਾਲ ਮਰਦਾਂ ਵਿਚ ਪੱਥਰੀ ਤੋਂ ਪੀੜਤ ਹੋਣ ਦਾ ਖਤਰਾ 40 ਫੀਸਦੀ ਤੱਕ ਵੱਧ ਜਾਂਦਾਹੈ, ਉੱਥੇ ਹੀ ਔਰਤਾਂ ਵਿਚ ਇਹ ਦਰ 80 ਫੀਸਦੀ ਹੈ।

**ਕਿਵੇਂ ਬਣਦੀ ਹੈ ਪੱਥਰੀ?** - ਪੱਥਰੀ ਉਦੋਂ ਬਣਦੀ ਹੈ ਜਦੋਂ ਪੇਸ਼ਾਬ ਵਿਚ ਮੌਜੂਦਾ ਕੁਝ ਤੱਤ ਸੰਘਣੇ ਹੋ ਕੇ ਕ੍ਰਿਸਟਲ ਦਾ ਰੂਪ ਲੈ ਲੈਂਦੇ ਹਨ। 75 ਫੀਸਦੀ ਪੱਥਰੀਆਂ ਕੈਲਸ਼ੀਅਮ ਦੇ ਆਕਸਾਲੇਟ ਨਾਲ ਮਿਸ਼ਰਿਤ ਹੋਣ 'ਤੇ ਬਣਦੀਆਂ ਹਨ। ਆਕਸਾਲੇਟ ਕੁਝ ਖਾਸ ਤਰ੍ਹਾਂ ਦੇ ਖਾਦ ਪਦਾਰਥਾਂ ਵਿਚ ਮੁੱਖ ਤੌਰ 'ਤੇ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਦੇਖੀਆਂ ਜਾਣ ਵਾਲੀਆਂ ਪੱਥਰੀਆਂ ਵਿਚ ਕੈਲਸ਼ੀਅਮ ਫਾਸਫੇਟ ਸਟੋਨ ਅਤੇ ਯੂਰਿਕ ਐਸਿਡ ਸਟੋਨ ਸ਼ਾਮਿਲ ਹਨ।

**ਕਿਨ੍ਹਾਂ ਕਾਰਨਾਂ ਨਾਲ ਵੱਧਦਾ ਹੈ ਖਤਰਾ** - ਪੱਥਰੀ ਦਾ ਖਤਰਾ ਦੋ ਕਾਰਨਾਂ ਨਾਲ ਵੱਧ ਜਾਂਦਾ ਹੈ। ਪਹਿਲਾਂ ਹੈ ਪਾਣੀ ਘੱਟ ਪੀਣਾ ਤੇ ਦੂਜਾ ਸੋਡੀਅਮ ਯੁਕਤ ਖਾਦ ਪਦਾਰਥਾਂ ਦੀ ਜ਼ਿਆਦਾ ਮਾਤਰਾ 'ਚ ਵਰਤੋਂ। ਪੱਥਰੀ ਦਾ ਖਤਰਾ ਵਧਾਉਣ ਵਾਲੇ ਹੋਰ ਕਾਰਕਾਂ 'ਚ ਐਨੀਮਲ ਪ੍ਰੋਟੀਨ ਤੇ ਸਵੀਟਨਰਸ ਪਦਾਰਥਾਂ ਦਾ ਸ਼ਾਮਿਲ ਹੋਣਾ ਹੈ।

**ਗਲਤ ਧਾਰਨਾ** - ਕਈ ਲੋਕ ਸੋਚਦੇ ਹਨ ਕਿ ਡੇਅਰੀ ਉਤਪਾਦਾਂ ਦੀ ਘੱਟ ਵਰਤੋਂ ਕਰਕੇ ਪੱਥਰੀ ਤੋਂ ਬਚਿਆ ਜਾ ਸਕਦਾ ਹੈ ਪਰ ਇਹ ਧਾਰਨਾ ਗਲਤ ਹੈ। ਅਸਲ ਵਿਚ ਇਨ੍ਹਾਂ ਦੀ ਵਰਤੋਂ ਨਾਲ ਖਤਰਾ ਘੱਟ ਹੁੰਦਾ ਹੈ। ਇਨ੍ਹਾਂ ਵਿਚ ਮੌਜੂਦਾ ਕੈਲਸ਼ੀਅਮ ਆਕਸਾਲੇਟ ਨੂੰ ਅੰਤੜੀਆਂ ਵਿਚ ਹੀ ਬੰਨ੍ਹ ਕੇ ਰੱਖਦਾ ਹੈ, ਜਿਸ ਕਾਰਨ ਇਹ ਪੇਸ਼ਾਬ ਵਿਚ ਦਾਖਲ ਨਹੀਂ ਹੋ ਸਕਦੇ ਅਤੇ ਪੱਥਰੀ ਨਹੀਂ ਬਣ ਸਕਦੀ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਜੇ ਤੁਹਾਡੇ ਗੁਰਦੇ ਵਿਚ ਕੈਲਸ਼ੀਅਮ ਸਟੋਨ ਹੈ ਤਾਂ ਤੁਹਾਨੂੰ ਕੈਲਸ਼ੀਅਮ ਦੀ ਵਰਤੋਂ ਬਿਲਕੁੱਲ ਘੱਟ ਕਰ ਦੇਣੀ ਚਾਹੀਦੀ ਹੈ, ਜਦਕਿ ਅਜਿਹਾ ਕਰਨਾ ਬਹੁਤ ਹੀ ਗਲਤ ਹੈ। ਉਂਝ ਵੱਖਰੇ ਤੌਰ 'ਤੇ ਕੈਲਸ਼ੀਅਮ ਸਪਲੀਮੈਂਟਸ ਦੀ ਵਰਤੋਂ ਕਰਨ ਨਾਲ ਪੱਥਰੀ ਦਾ ਖਤਰਾ ਵੱਧਦਾ ਦੇਖਿਆ ਗਿਆ ਹੈ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਕੈਲਸ਼ੀਅਮ ਸਪਲੀਮੈਂਟਸ ਦੀ ਵਰਤੋਂ ਲੋਕ ਵੱਖਰੇ ਤੌਰ 'ਤੇ ਕਰਦੇ ਹਨ, ਨਾ ਕਿ ਖਾਣੇ ਦੇ ਨਾਲ। ਇਸ ਕਾਰਨ ਵੱਖਰੇ ਤੌਰ 'ਤੇ ਲਿਆ ਜਾਣਾ ਵਾਲਾ ਕੈਲਸ਼ੀਅਮ ਸਪਲੀਮੈਂਟਸ ਖਾਦ ਪਦਾਰਥਾਂ ਵਿਚ ਮੌਜੂਦ ਆਕਸਾਲੇਟ ਨੂੰ ਅੰਤੜੀਆਂ ਵਿਚ ਹੀ ਬੰਨ੍ਹ ਨਹੀਂ ਸਕਦਾ। ਇਨ੍ਹਾਂ ਤੋਂ ਬਿਨਾਂ ਆਕਸਾਲੇਟ ਵਿਚ ਕਮੀ ਆਏ ਸਰੀਰ ਵਿਚ ਕੈਲਸ਼ੀਅਮ ਦੀ ਮਾਤਰਾ ਵਿਚ ਵਾਧਾ ਹੁੰਦਾ ਹੈ।

ਇਸੇ ਤਰ੍ਹਾਂ ਜਿੱਥੇ ਵਿਟਾਮਿਨ 'ਸੀ' ਨਾਲ ਭਰਪੂਰ ਕੁਝ ਖੱਟੇ ਫਲ ਅਤੇ ਲੈਮੋਨੇਡ ਅਤੇ ਸੰਤਰੇ ਦੇ ਰਸ ਵਰਗੇ ਪੀਣ ਵਾਲੇ ਪਦਾਰਥ ਪੱਥਰੀ ਵਿਚ ਕਮੀ ਕਰਦੇ ਹਨ, ਉੱਥੇ ਹੀ ਵੱਖਰੇ ਤੌਰ 'ਤੇ ਲਏ ਗਏ ਵਿਟਾਮਿਨ 'ਸੀ' ਸਪਲੀਮੈਂਟ ਪੱਥਰੀ ਦੇ ਖਤਰੇ ਲਈਆਂ ਗਈਆਂ ਕੁਝ ਖਾਸ ਤਰ੍ਹਾਂ ਦੀਆਂ ਦਵਾਈਆਂ ਵੀ ਪੇਸ਼ਾਬ ਵਿਚ ਮੌਜੂਦ ਤੱਤਾਂ ਦੇ ਪੱਥਰ ਵਿਚ ਸੰਤੁਲਨ ਕਾਇਮ ਕਰਦੀਆਂ ਹਨ,

ਇਸ ਨਾਲ ਪੱਥਰੀ ਨਹੀਂ ਬਣਦੀ।

**ਟੈਸਟ** - ਪੇਸ਼ਾਬ ਵਿਚ ਕਿਹੜੇ ਤੱਤ ਜ਼ਿਆਦਾ ਹਨ ਅਤੇ ਕਿਸ ਤਰ੍ਹਾਂ ਦੀ ਪੱਥਰੀ ਹੈ, ਇਹ ਜਾਣਨ ਲਈ ਪੱਥਰੀ ਕੱਢ ਕੇ ਉਸ ਦੀ ਜਾਂਚ ਕਰਨਾ ਜ਼ਰੂਰੀ ਹੈ। ਪੱਥਰੀ ਦੇ ਮਰੀਜ਼ਾਂ ਵਿਚ ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ ਅਤੇ ਓਸਿਟਯੋਪੋਰਾਇਸਿਸ ਵਰਗੇ ਸੰਬੰਧਿਤ ਹੋਰ ਰੋਗਾਂ ਦੀ ਜਾਂਚ ਵੀ ਕੀਤੀ ਜਾਣੀ ਚਾਹੀਦੀ ਹੈ। ਅੱਜਕੱਲ੍ਹ ਪੱਥਰੀ ਦੇ ਇਲਾਜ ਲਈ ਕਈ ਆਧੁਨਿਕ ਤਕਨੀਕਾਂ ਮੌਜੂਦ ਹਨ, ਫਿਰ ਵੀ ਖਾਣ-ਪੀਣ ਵਿਚ ਤਬਦੀਲੀ ਨਾਲ ਪੱਥਰੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

• ਖਾਣ-ਪੀਣ ਵਿਚ ਤਬਦੀਲੀ ਨਾਲ ਪੱਥਰੀ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

ਖੋਜਾਂ ਵਿਚ ਦੇਖਿਆ ਗਿਆ ਹੈ ਕਿ ਖਾਣ-ਪੀਣ ਵਿਚ ਬਦਲਾਅ ਕਰਕੇ ਪੱਥਰੀ ਦੀ ਸੰਭਾਵਨਾ ਨੂੰ 40 ਫੀਸਦੀ ਤੱਕ ਘੱਟ ਕੀਤਾ ਜਾ ਸਕਦਾ ਹੈ।

**ਖ਼ਤਰੇ ਦੀ ਘੰਟੀ :**

- ਸੋਡੀਅਮ ਵਾਲੇ ਖਾਦ-ਪਦਾਰਥਾਂ ਦੀ ਜ਼ਿਆਦਾ ਵਰਤੋਂ।
- ਐਨੀਮਲ ਪ੍ਰੋਟੀਨ ਵਾਲੇ ਖਾਦ ਪਦਾਰਥਾਂ ਦੀ ਜ਼ਿਆਦਾ ਵਰਤੋਂ।
- ਜ਼ਿਆਦਾ ਸ਼ੂਗਰ ਦੀ ਵਰਤੋਂ।

**ਕੋਸ਼ਿਸ਼ ਕਰੋ**

- ਸਰੀਰ ਵਿਚ ਪਾਣੀ ਦੀ ਮਾਤਰਾ ਘੱਟ ਨਾ ਹੋਣ ਦਿਓ।
- ਕੈਲਸ਼ੀਅਮ ਵਾਲੇ ਡੇਅਰੀ ਉਤਪਾਦਾਂ ਦੀ ਵਰਤੋਂ ਕਰੋ।
- ਖੱਟੇ ਫਲਾਂ, ਲੈਮੋਨੇਡ ਅਤੇ ਸੰਤਰੇ ਦੇ ਰਸ ਦੀ ਵਰਤੋਂ ਕਰੋ।
- ਵਿਟਾਮਿਨ 'ਸੀ' ਸਪਲੀਮੈਂਟਸ ਦੀ ਵਰਤੋਂ ਨਾ ਕਰੋ।

# 'ਔਰਤ ਦੇ ਭਿੰਨ-ਭਿੰਨ ਰੂਪ'

ਰਮਨਜੀਤ ਕੌਰ

* ਔਰਤ ਨੂੰ ਕਦੇ ਵੀ ਬੁਰੇ ਸ਼ਬਦ ਨਹੀਂ ਬੋਲਣੇ ਚਾਹੀਦੇ ਕਿਉਂਕਿ ਇਸਦੀ ਗੋਦ ਵਿਚ ਸਾਰਿਆਂ ਨੇ ਹੀ ਜਨਮ ਲਿਆ ਹੈ। — ਗੁਰੂ ਨਾਨਕ ਸਾਹਿਬ
* ਸੰਸਾਰ ਦਾ ਭਵਿੱਖ ਇਸਤਰੀ ਦੇ ਹੱਥ ਵਿਚ ਹੈ। ਜਿਹੋ ਜਿਹਾ ਉਹ ਬਣਾਏਗੀ, ਉਹੋ ਜਿਹੀ ਹੀ ਬਣ ਜਾਵੇਗਾ। — ਟੈਗੋਰ
* ਔਰਤ ਦੀ ਤਰੱਕੀ ਅਤੇ ਭਲਾਈ ਉੱਪਰ ਹੀ ਰਾਸ਼ਟਰ ਦੀ ਉੱਨਤੀ ਤੇ ਭਲਾਈ ਨਿਰਭਰ ਕਰਦੀ ਹੈ। — ਅਰਸਤੂ
* ਔਰਤ ਦਾ ਆਦਰ ਕਰੋ। ਉਹ ਸਾਡੇ ਦੁਨਿਆਵੀ ਜੀਵਨ ਵਿਚ ਸਵਰਗ ਦੇ ਫੁੱਲ ਗੁੰਦ ਦੇਂਦੀਆਂ ਹਨ। — ਸ਼ਿਲਰ
* ਔਰਤਾਂ, ਮਰਦਾਂ ਨਾਲੋਂ ਜ਼ਿਆਦਾ ਸਿਆਣੀਆਂ ਹੁੰਦੀਆਂ ਨਹ ਕਿਉਂਕਿ ਉਨ੍ਹਾਂ ਦੀ ਜਾਣਕਾਰੀ ਭਾਵੇਂ ਘੱਟ ਹੁੰਦੀ ਹੈ ਪਰ ਉਨ੍ਹਾਂ ਵਿਚ ਸਮਝਦਾਰੀ ਜ਼ਿਆਦਾ ਹੁੰਦੀ ਹੈ। — ਜੇਮਜ਼ ਸਟੀਫਨਜ਼
* ਔਰਤ ਦਾ ਗੁੱਸਾ ਹੀਰੇ ਦੀ ਚਮਕ ਵਾਂਗ ਹੁੰਦਾ ਹੈ ਜੋ ਕੇਵਲ ਚਮਕਦਾ ਹੈ, ਚਲਦਾ ਨਹੀਂ। — ਟੈਗੋਰ
* ਔਰਤ ਦਾ ਦਿਲ ਬਹਿਸ ਕਰਦਾ ਹੈ, ਦਿਮਾਗ਼ ਨਹੀਂ। — ਮੈਥਿਊ ਆਰਨਰਲਡ
* ਸਭ ਤੋਂ ਖੁਸ਼ਹਾਲ ਔਰਤ ਦਾ ਵੀ ਖੁਸ਼ਹਾਲ ਕੌਮ ਵਾਂਗ ਇਤਿਹਾਸ ਨਹੀਂ ਹੁੰਦਾ। — ਜਾਰਜ ਇਲੀਅਟ
* ਮਰਦ ਦੀਆਂ ਸਾਰੀਆਂ ਦਲੀਲਾਂ ਔਰਤ ਦੇ ਇਕ ਜਜ਼ਬੇ ਦਾ ਮੁਕਾਬਲਾ ਨਹੀਂ ਕਰ ਸਕਦੀਆਂ — ਵਾਲਟੇਅਰ
* ਪ੍ਰੇਮ ਕਿਵੇਂ ਕਰਨਾ ਹੈ, ਇਹ ਕੇਵਲ ਔਰਤ ਹੀ ਜਾਣਦੀ ਹੈ। — ਮੋਪਾਸਾ
* ਆਦਮੀ ਮਕਾਨ ਬਣਾਉਂਦੇ ਹਨ ਪਰ ਔਰਤਾਂ ਉਨ੍ਹਾਂ ਨੂੰ ਘਰ ਬਣਾ ਦਿੰਦੀਆਂ ਹਨ। — ਐਨਨ
* ਔਰਤ ਦੇ ਚਾਰ ਰੂਪ ਹਨ - ਮਾਂ, ਭੈਣ, ਬੇਟੀ ਅਤੇ ਪਤਨੀ। ਇਹ ਸਾਰੇ ਰੂਪ ਆਪਣੇ ਆਪ ਵਿਚ ਅਨੋਖੇ ਹਨ। — ਜਵਾਹਰ ਲਾਲ ਨਹਿਰੂ

# ਸ਼ੋਕ ਸਮਾਚਾਰ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਕੁਲਬੀਰ ਸਿੰਘ ਮੁਲਤਾਨੀ ਵਾਸੀ ਮਕਾਨ ਨੰ. 429, ਗੋਲਡਨ ਐਵੇਨਿਊ, ਫੇਸ-2, ਜਲੰਧਰ, ਮਿਤੀ 2-9-15 ਨੂੰ ਅਕਾਲ ਚਲਾਣਾ ਕਰ ਗਏ ਹਨ। ਸ. ਕੁਲਬੀਰ ਸਿੰਘ ਜੀ ਦਾ ਜਨਮ ਪਿੰਡ ਬਜ਼ੁਰਗਵਾਲ, ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਖੇ ਸੰਨ 1939 ਈ. ਨੂੰ ਹੋਇਆ। ਆਪ ਡਾ. ਸੁੰਦਰ ਸਿੰਘ ਕੇਸਰ-ਏ-ਹਿੰਦ ਦੇ ਪੋਤਰੇ ਸਨ ਅਤੇ ਇਨ੍ਹਾਂ ਦੇ ਦਾਦਾ ਜੀ ਡਾ. ਸੁੰਦਰ ਸਿੰਘ ਭਾਰਤ-ਪਾਕਿ ਵੰਡ ਤੋਂ ਪਹਿਲਾਂ ਪਾਕਿਸਤਾਨ ਦੀ ਸਿਰਕੱਢ ਅਤੇ ਸਨਮਾਨਿਤ ਸ਼ਖ਼ਸ਼ੀਅਤ ਸਨ ਅਤੇ ਇਹ ਬਤੌਰ ਸਿਵਲ ਸਰਜਨ ਬਰਮਾ ਤੋਂ ਰਿਟਾਇਰ ਹੋਏ ਸਨ। ਸ. ਕੁਲਬੀਰ ਸਿੰਘ ਜੀ ਨੇ ਆਪਣੀ ਮੁੱਢਲੀ ਸਿੱਖਿਆ ਸਰਕਾਰੀ ਰਣਧੀਰ ਕਾਲਜ ਕਪੂਰਥਲਾ ਤੋਂ ਲੈਣ ਉਪਰੰਤ ਇੰਡੀਅਨ ਨੇਵੀ ਜੁਆਇੰਨ ਕੀਤੀ ਅਤੇ 15 ਸਾਲ ਦੀ ਨੇਵੀ ਦੀ ਸਰਵਿਸ ਉਪਰੰਤ ਸਵੈ-ਇੱਛਤ ਰਿਟਾਇਰਮੈਂਟ ਲੈ ਲਈ। ਇਸ ਤੋਂ ਬਾਅਦ ਇਨ੍ਹਾਂ ਨੇ ਐਸਕੋਰਟ ਫੈਕਟਰੀ ਬਹਾਦਰਗੜ੍ਹ ਪਟਿਆਲਾ ਵਿਖੇ ਬਤੌਰ ਮਕੈਨੀਕਲ ਇੰਜੀਨੀਅਰ ਜੁਆਇਨ ਕੀਤੀ ਅਤੇ ਇਥੋਂ ਹੀ ਬਤੌਰ ਸਹਾਇਕ ਜਨਰਲ ਮੈਨੇਜਰ (AGM) ਰਿਟਾਇਰ ਹੋਏ। ਇਸ ਤੋਂ ਬਾਅਦ ਆਪ ਜਲੰਧਰ ਵਿਖੇ ਪੱਕੀ ਤੌਰ 'ਤੇ ਸੈਂਟਲ ਹੋ ਗਏ। ਸ. ਕੁਲਬੀਰ ਸਿੰਘ ਜੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਸਰਪ੍ਰਸਤ ਸਨ ਅਤੇ ਇਨ੍ਹਾਂ ਨੇ ਸਮੇਂ-ਸਮੇਂ ਸਿਰ ਫਾਊਂਡੇਸ਼ਨ ਦੀਆਂ ਗਤੀਵਿਧੀਆਂ ਵਿਚ ਉਚੇਚੇ ਤੌਰ 'ਤੇ ਭਾਗ ਲਿਆ। ਇਸ ਪਰਿਵਾਰ ਵੱਲੋਂ ਚੰਡੀਗੜ੍ਹ ਫਾਊਂਡੇਸ਼ਨ ਵਿਖੇ ਭਾਈ ਮਨੀ ਸਿੰਘ ਬਲਾਕ ਵਿਚ ਇਕ ਕਮਰੇ ਦੀ ਸੇਵਾ ਵੀ ਕੀਤੀ ਗਈ।

ਆਪ ਜੀ ਦੀ ਧਰਮ ਪਤਨੀ ਸ੍ਰੀਮਤੀ ਪ੍ਰਕਾਸ਼ ਕੌਰ ਬਹੁਤ ਹੀ ਸੁਲਝੀ ਹੋਈ ਸ਼ਖ਼ਸ਼ੀਅਤ ਹਨ। ਆਪ ਜੀ ਦਾ ਇਕ ਸਪੁੱਤਰ ਅਤੇ ਦੋ ਬੇਟੀਆਂ ਹਨ। ਸਪੁੱਤਰ ਇੰਜੀ. ਸ. ਹਰਬੀਰ ਸਿੰਘ ਇਸ ਸਮੇਂ ਨਿਗਰਾਨ ਇੰਜੀ. ਪੰਜਾਬ ਪਲਿਊਸ਼ਨ ਕੰਟਰੋਲ ਬੋਰਡ (PPCB) ਲੁਧਿਆਣਾ ਵਿਖੇ ਤਾਇਨਾਤ ਹਨ। ਸ. ਹਰਬੀਰ ਸਿੰਘ ਵੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਅਤੇ ਆਪਣਾ ਸਹਿਯੋਗ ਦੇ ਰਹੇ ਹਨ। ਆਪ ਜੀ ਦੀ ਵੱਡੀ ਬੇਟੀ ਹਰਪ੍ਰੀਤ ਕੌਰ ਲਾਅ ਗ੍ਰੇਜੂਏਟ ਹਨ ਅਤੇ ਦਾਮਾਦ ਸ. ਗੁਰਦੀਪ ਸਿੰਘ ਪੰਜਾਬ ਪੁਲਿਸ ਵਿਚ ਬਤੌਰ ਇੰਸਪੈਕਟਰ ਹਨ। ਆਪ ਜੀ ਦੀ ਛੋਟੀ ਬੇਟੀ ਜਸਲੀਨ ਕੌਰ ਅਤੇ ਦਾਮਾਦ ਦਿਵਿਯਾਜੋਤ ਸਿੰਘ ਦੇਹਰਾਦੂਨ ਵਿਖੇ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਹਨ।

ਸ. ਕੁਲਬੀਰ ਸਿੰਘ ਜੀ ਦੀ ਅੰਤਿਮ ਅਰਦਾਸ ਮਿਤੀ 13-9-2015 ਨੂੰ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਈ। ਜਿਸ ਵਿਚ ਰਿਸ਼ਤੇਦਾਰਾਂ ਤੋਂ ਇਲਾਵਾ ਪੰਜਾਬ ਦੀਆਂ ਧਾਰਮਿਕ, ਰਾਜਨੀਤਕ ਅਤੇ ਸਮਾਜਕ ਹਸਤੀਆਂ ਨੇ ਸ਼ਿਰਕਤ ਕੀਤੀ। ਅੰਤ ਵਿਚ ਸ. ਕੁਲਬੀਰ ਸਿੰਘ ਜੀ ਦੇ ਕੁੜਮ ਇੰਜੀ. ਹਰਭਜਨ ਸਿੰਘ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੇ ਸੰਗਤਾਂ ਦਾ ਧੰਨਵਾਦ ਕੀਤਾ। ਪਰਿਵਾਰ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਲਈ 51000 ਰੁਪਏ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਸੁਸਾਇਟੀ ਜਲੰਧਰ ਨੂੰ 11000 ਰੁਪਏ ਦਿੱਤੇ ਗਏ। ਫਾਊਂਡੇਸ਼ਨ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਪਰਿਵਾਰ ਦਾ ਫਾਊਂਡੇਸ਼ਨ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

**ਭਗਵਾਨ ਸਿੰਘ ਲੁਬਾਣਾ**
**ਡਿਪਟੀ ਚੀਫ਼ ਇੰਜੀਨੀਅਰ (ਰਿਟਾ.)**
**ਸਕੱਤਰ ਅਤੇ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ**

# ਸ਼ੋਕ ਸਮਾਚਾਰ



ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਹਰਮਨ ਪਿਆਰੇ ਗਿਆਨੀ ਗੁਰਮੁਖ ਸਿੰਘ ਜੀ ਸਪੁੱਤਰ ਸ੍ਰ. ਕਾਲਾ ਸਿੰਘ ਪਿੰਡ-ਸੀਕਰੀ, ਡਾ.-ਮਿਆਣੀ ਭਗੁਪੁਰੀਆਂ, ਜ਼ਿਲ੍ਹਾ-ਕਪੂਰਥਲਾ ਮਿਤੀ 28-08-2015 ਨੂੰ ਲਗਪਗ 100 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦਾ ਜਨਮ ਪਿੰਡ-ਰਤਨੀਵਾਲ, ਜ਼ਿਲ੍ਹਾ-ਸੇਖੂਪੁਰਾ (ਪਾਕਿਸਤਾਨ) ਵਿਖੇ ਹੋਇਆ। ਉਨ੍ਹਾਂ ਨੇ ਬਹੁਤ ਹੀ ਉੱਚ ਸੰਸਕਾਰਾਂ ਨਾਲ ਆਪਣਾ ਜੀਵਨ ਬਤੀਤ ਕੀਤਾ ਅਤੇ ਗੁਰੂ ਆਸਰੇ ਮੁਤਾਬਿਕ ਸਭ ਗੁਣਾਂ ਦੇ ਧਾਰਨੀ ਸਨ। ਆਪ ਜੀ ਨੇ ਆਜ਼ਾਦੀ ਦੇ ਸਮੇਂ ਸਰਨਾਰਥੀਆਂ ਨੂੰ ਭਾਰਤ ਆਉਣ ਸਮੇਂ ਔਖੇ ਸੰਕਟਾਂ ਨੂੰ ਬੜੀ ਦਲੇਰੀ ਨਾਲ ਨਜਿੱਠਿਆ। ਆਪ ਜੀ ਨੇ ਆਪਣੇ (ਰਤਨੀਵਾਲ) ਪਿੰਡ ਦੇ ਦੋਸਤਾਂ ਨਾਲ ਮਿਲ ਕੇ ਆਰਜੀ ਬੇੜੇ ਬਣਾ ਕੇ ਹੜ੍ਹ ਵਿਚ ਦਰਿਆ ਰਾਵੀ ਵਿਚੋਂ ਬਹੁਤ ਹੀ ਲੋਕਾਂ ਨੂੰ ਸੁਰੱਖਿਅਤ ਪਾਰ ਕਰਵਾਇਆ। ਇਹ ਆਪ ਜੀ ਦੀ ਅਗਵਾਈ ਦੀ ਪੁਸ਼ਟੀ ਅਤੇ ਚੰਗੀ ਸੋਚ ਕਾਰਨ ਹੋਈ ਸੀ। ਆਪ ਜੀ ਵੰਡ ਤੋਂ ਬਾਅਦ ਪਿੰਡ ਸੀਕਰੀ ਵਿਖੇ ਜ਼ਮੀਨ ਅਲਾਟ ਹੋਣ ਉਪਰੰਤ ਪਰਿਵਾਰ ਸਮੇਤ ਵੱਸ ਗਏ। ਆਪ ਜੀ ਪਿੰਡ ਵਿਚ ਸਭ ਤੋਂ ਵੱਡੇ ਬੁਜ਼ਰਗ ਸਨ ਅਤੇ ਖੇਤੀਬਾੜੀ ਦੇ ਕਿੱਤੇ ਦੇ ਨਾਲ ਨਾਲ ਆਪ ਜੀ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਕਾਫੀ ਸਮਾਂ ਸੇਵਾ ਕੀਤੀ। ਆਪ ਜੀ ਪਿੰਡ ਦੇ ਹਰ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਸੀ ਕੰਮਾਂ ਵਿਚ ਸ਼ਮੂਲੀਅਤ ਕਰਦੇ ਅਤੇ ਚੰਗੀ ਰਾਇ ਦਿੰਦੇ ਸਨ। ਹਰ ਕੰਮ ਵਿਚ ਪਿੰਡ ਦੀ ਪੰਚਾਇਤ ਆਪ ਜੀ ਦਾ ਸਹਿਯੋਗ ਪ੍ਰਾਪਤ ਕਰਦੀ ਰਹਿੰਦੀ ਸੀ। ਨੌਜਵਾਨਾਂ ਨੂੰ ਚੰਗੀ ਗੁਰਮੱਤ ਸਿੱਖਿਆ ਅਤੇ ਜੀਵਨ ਜਾਂਚ ਦੱਸਣਾ ਉਨ੍ਹਾਂ ਦਾ ਸੁਭਾਅ ਸੀ। ਆਪ ਆਪਣੇ ਪਿੰਡ ਅਤੇ ਸਾਰੇ ਰਿਸ਼ਤੇਦਾਰਾਂ ਵਿਚ ਲੋੜ ਸਮੇਂ ਹੱਥ ਵਟਾਉਣ ਲਈ ਤੱਤਪਰ ਰਹਿੰਦੇ ਸਨ। ਆਪ ਜੀ ਦੇ ਛੇ ਸਪੁੱਤਰ ਅਤੇ ਦੋ ਧੀਆਂ ਹਨ। ਵੱਡਾ ਸਪੁੱਤਰ ਸਵਰਗਵਾਸੀ ਕੁਲਵੰਤ ਸਿੰਘ ਕੈਪਟਨ ਰਿਟਾਰਿਡ ਹੋਏ ਸਨ। ਛੋਟਾ ਸਪੁੱਤਰ ਸ. ਜਸਵੰਤ ਸਿੰਘ ਟਰਾਂਸਪੋਰਟ ਵਿਚ ਹਨ। ਸ. ਬਲਵੰਤ ਸਿੰਘ ਜਲੰਧਰ ਵਿਖੇ ਆਪਣਾ ਕਾਰੋਬਾਰ ਕਰ ਰਹੇ ਹਨ। ਸ. ਲਖਵੰਤ ਸਿੰਘ ਡੀ.ਐਸ.ਪੀ ਵਜੋਂ ਸੇਵਾ ਨਿਭਾ ਰਹੇ ਹਨ ਅਤੇ ਦੋ ਸਪੁੱਤਰ ਸ. ਕੇਵਲ ਸਿੰਘ ਤੇ ਸ. ਸੁਖਵਿੰਦਰ ਸਿੰਘ ਸਬ ਇੰਸਪੈਕਟਰ ਹਨ। ਦੋਵੇਂ ਧੀਆਂ ਵੀ ਆਪਣੇ-ਆਪਣੇ ਘਰਾਂ ਵਿਚ ਸੁਖੀ ਹਨ। ਆਪ ਜੀ ਨੇ ਸਾਰੀ ਉਮਰ ਗੁਰੂ ਗ੍ਰੰਥ ਸਾਹਿਬ ਦੇ ਆਸਰੇ ਮੁਤਾਬਿਕ ਆਪਣੀ ਜ਼ਿੰਦਗੀ ਸਾਦਗੀ, ਸੰਜਮ ਅਤੇ ਸੁਲਝੇ ਹੋਏ ਉੱਚ ਕੋਟੀ ਦੇ ਇਨਸਾਨ ਵਜੋਂ ਬਿਨਾਂ ਕਿਸੇ ਵਾਦ-ਵਿਵਾਦ ਅਤੇ ਵਿਤਕਰੇ ਦੇ ਬਤੀਤ ਕੀਤੀ।

ਆਪ ਜੀ ਦੀ ਆਤਮਿਕ ਸ਼ਾਂਤੀ ਲਈ ਪਰਿਵਾਰ ਵਲੋਂ ਆਪਣੇ ਗ੍ਰਹਿ ਵਿਖੇ ਮਿਤੀ 06-09-2015 ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤਮਈ ਕੀਰਤਨ ਅਤੇ ਅੰਤਿਮ ਅਰਦਾਸ ਹੋਈ। ਇਸ ਮੌਕੇ ਤੇ ਹਜੂਰੀ ਰਾਗੀ, ਗੁਰਦੁਆਰਾ ਸਾਹਿਬ ਦਾ ਜੱਥਾ ਅਤੇ ਸੰਤ ਬਾਬਾ ਗੁਲਜਾਰ ਸਿੰਘ, ਡੇਰਾ ਨਾਨਕਸਰ ਜਬੋਵਾਲ (ਜੋ ਕਿ ਸ੍ਰ. ਗੁਰਮੁਖ ਸਿੰਘ ਦੇ ਪੋਤਰੇ ਹਨ) ਨੇ ਆਪਣੇ ਮਨੋਹਰ ਕੀਰਤਨ ਦੁਆਰਾ ਵਿਛੜੀ ਹੋਈ ਰੂਹ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਤੇ ਸਾਰੇ ਪਿੰਡ ਅਤੇ ਰਿਸ਼ਤੇਦਾਰਾਂ ਤੋਂ ਇਲਾਵਾ ਇਲਾਕੇ ਦੀ ਉੱਘੀਆਂ ਸ਼ਖਸੀਅਤਾਂ ਨੇ ਵਿਛੜੀ ਹੋਈ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਿਸ ਵਿਚ ਸ. ਗੁਰਚਰਨ ਸਿੰਘ, ਪ੍ਰਧਾਨ ਬ.ਮ.ਸ.ਲ ਫਾਊਂਡੇਸ਼ਨ, ਸ. ਜਸਬੀਰ ਸਿੰਘ, ਸਰਪੰਚ ਪਿੰਡ ਸੀਕਰੀ ਅਤੇ ਅਗਜੈਕਟਿਵ ਮੈਂਬਰ ਬ.ਮ.ਸ.ਲ ਫਾਊਂਡੇਸ਼ਨ, ਸ. ਪ੍ਰੀਤਮ ਸਿੰਘ ਸਾਬਕਾ ਚੇਅਰਮੈਨ ਬਲਾਕ ਸੰਮਤੀ, ਨਡਾਲਾ ਅਤੇ ਮੈਂਬਰ ਬ.ਮ.ਸ.ਲ ਫਾਊਂਡੇਸ਼ਨ, ਸ. ਈਸ਼ਰ ਸਿੰਘ, ਡੀ.ਈ.ਓ (ਰਿਟਾ.) ਅਗਜੈਕਟਿਵ ਮੈਂਬਰ ਬ. ਮ. ਸ. ਲ ਫਾਊਂਡੇਸ਼ਨ, ਸ. ਕੁਲਦੀਪ ਸਿੰਘ, ਨੰਗਲ ਲੁਬਾਣਾ, ਸ. ਕੁਲਦੀਪ ਸਿੰਘ ਆੜਤੀਆ, ਸ. ਗੱਜਣ ਸਿੰਘ, ਸਾਬਕਾ ਸਰਪੰਚ ਪਿੰਡ ਸੀਕਰੀ, ਸ. ਸੁੱਚਾ ਸਿੰਘ, ਸ. ਦਰਸ਼ਨ ਸਿੰਘ, ਪਿੰਡ ਜਹੂਰਾ, ਕੈਪਟਨ ਜਗਜੀਤ ਸਿੰਘ, ਨੰਗਲ ਲੁਬਾਣਾ, ਬੀਬੀ ਗੁਰਮੀਤ ਕੌਰ, ਸਾਬਕਾ ਸਰਪੰਚ ਅਤੇ ਮੌਜੂਦਾ ਲੰਬਰਦਾਰ, ਅਵਾਨ, ਸ੍ਰ. ਨਿਰਮਲ ਸਿੰਘ, ਲੰਬੜਦਾਰ, ਬਾਉਲੀ, ਸ. ਦਰਬਾਰਾ ਸਿੰਘ ਭਦਾਸ, ਸ੍ਰ. ਹਰਬੰਸ ਸਿੰਘ ਇੰਸਪੈਕਟਰ (ਰਿਟਾ.) ਫਤੇਹਪੁਰ ਸਨ।

ਇਸ ਮੌਕੇ ਤੇ ਪਰਿਵਾਰ ਵਲੋਂ ਉਨ੍ਹਾਂ ਦੀ ਯਾਦ ਵਿਚ ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ ਨੂੰ 2100/- ਰੁਪਏ ਭੇਟ ਕੀਤੇ ਅਤੇ ਸ. ਗੁਰਚਰਨ ਸਿੰਘ ਪ੍ਰਧਾਨ ਬ.ਮ.ਸ.ਲ ਫਾਊਂਡੇਸ਼ਨ ਨੇ ਆਪਣੇ ਮਾਮਾ ਗਿਆਨੀ ਗੁਰਮੁਖ ਸਿੰਘ ਦੀ ਯਾਦ ਵਿਚ 2100/- ਰੁਪਏ ਭੇਟ ਕੀਤੇ। ਪਰਿਵਾਰ ਵਲੋਂ 1100/- ਰੁਪਏ ਪਿੰਡ ਦੇ ਗੁਰਦੁਆਰਾ ਸਾਹਿਬ ਲਈ ਭੇਟ ਕੀਤੇ ਗਏ ਹਨ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਮੈਨੇਜਮੈਂਟ ਉਨ੍ਹਾਂ ਦੇ ਪਰਿਵਾਰ ਦੀ ਅਤਿ ਧੰਨਵਾਦੀ ਹੈ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਪਰਿਵਾਰ ਨੂੰ ਚੜ੍ਹਦੀ ਕਲਾ, ਸਮਾਜ ਵਿਚ ਮਿਲਵਰਤਣ ਦੀ ਅਸੀਸ ਬਖਸੇ ਅਤੇ ਭਾਣਾ ਮੰਨਣ ਦਾ ਬਲ ਬਖਸ਼ੇ।

**(ਗੁਰਚਰਨ ਸਿੰਘ)**

**ਪ੍ਰਧਾਨ**

# LIST OF LIFE MEMBERS OF BABA MAKHAN SHAH LOBANA FOUNDATION (REGD.), SECTOR-30-A, CHANDIGARH

| Sr. No. | Name & Address | Year | Receipt No. | Date | Amount |
|---|---|---|---|---|---|
| 1 | S. IQBAL SINGH<br>S/O S. MOHAN SINGH<br>FLAT NO.-56, YOUNG DEWELLER'S COMPLEX<br>SECTOR-49-A, CHANDIGARH-160047 | 25-08-1964 | H-9801 | 13-07-15 | 2000/- |
| 2. | S. INDERBIR<br>S/O S. MOHINDER SINGH<br># 628/8, SHAKTI NAGAR, BEHIND SD COLLEGE FOR GIRLS<br>KAHNUWAN ROAD, GURDASPUR-143521 | 07-02-1968 | H-6888 | 16-07-15 | 2000/- |
| 3. | S. MANJINDERPAL SINGH<br>S/O CAPT. JASWANT SINGH<br>VILL.-BHULE CHAK, P.O.-TIBRI,<br>TEH. & DISTT-GURDASPUR | 04-02-1971 | H-6889 | 16-07-15 | 2000/ |
| 4. | SH. MEGH NATH SHARMA<br>S/O SH. LACHHMAN DAS<br>BABA DEEP SINGH NAGAR, STREET NO.-2,<br>BATHINDA PB.-98720-08791 | 01-12-1948 | H-6891 | 18-07-15 | 2000/- |
| 5. | S. JAGJIT SINGH<br>S/O S. SARDAR SINGH<br># 14, GALI NO.-1, GURMAT ENCLAVE<br>(BIR KHERI GUJJIAN) NEAR SULAR CHOWK, PATIALA | 31-03-1945 | J-8283 | 19-07-15 | 2000/- |
| 6. | SMT. NIRMAL KAUR<br>W/O S. JAGJIT SINGH<br># 14, GALI NO.-1, GURMAT ENCLAVE<br>BIR KHERI GUJJIAN) NEAR SULAR CHOWK, PATIALA | 15-03-1946 | J-8284 | 19-07-15 | 2000/- |
| 7. | S. HARCHARAN SINGH<br>S/O S. JAGJIT SINGH<br># 14, GALI NO.-1, GURMAT ENCLAVE<br>BIR KHERI GUJJIAN) NEAR SULAR CHOWK, PATIALA | 01-04-1971 | J-8285 | 19-07-15 | 2000/- |
| 8. | S. JARNAIL SINGH<br>S/O S. JAGJIT SINGH<br># 14, GALI NO.-1, GURMAT ENCLAVE<br>BIR KHERI GUJJIAN) NEAR SULAR CHOWK, PATIALA | 01-05-1973 | J-8286 | 19-07-15 | 2000/- |
| 9. | S. KARNAIL SINGH<br>S/O S. JAGJIT SINGH<br># 14, GALI NO.-1, GURMAT ENCLAVE<br>BIR KHERI GUJJIAN) NEAR SULAR CHOWK, PATIALA | 02-04-1979 | J-8287 | 19-07-15 | 2000/- |

| | | | | | |
|---|---|---|---|---|---|
| 10. | S. RANJIT SINGH<br>S/O S. BHAGAT SINGH<br>VILL.-CHELIAN P.O.-DARANG<br>TEH.-PALAMPUR, DISTT-KANGRA (H.P.)-176060 | 03-05-1965 | J-8289 | 20-07-15 | 2000/- |
| 11. | SMT. RAJINDER KAUR<br>W/O S. TARLOCHAN SINGH<br># 590, MULTANI COLONY, PEHOWA<br>DISTT-KURUKSHETRA-HARYANA-136128 | 20-07-1972 | J-8290 | 22-07-15 | 2000/- |
| 12. | BIBI GULSHAN KAUR<br>D/O S. CHANDA SINGH KHEMANI<br>BLOCK-A-843/1685, GANDHI ROAD, ULHASNAGAR<br>MAHARASHTRA-421005 | 05-05-1954 | H-6896 | 23-07-15 | 2000/- |
| 13. | S. TEJINDER SINGH KHEMANI<br>S/O S. CHANDA SINGH KHEMANI<br>BLOCK-A-843/1685, GANDHI ROAD, ULHASNAGAR<br>MAHARASHTRA-421005 | 12-02-1959 | H-6897 | 23-07-15 | 2000/- |
| 14. | S. GURSEWAK SINGH<br>S/O S. LATE DALIP SING<br># 1130, WARD NO.-5, BEGOWAL<br>TEH.-BHOLATH, DISTT-KAPURTHALA PB.-144621 | 15-08-1966 | H-6900 | 08-08-15 | 2000/- |
| 15. | SMT. SIMRANPREET KAUR<br>W/O S. HARSANGEET SINGH<br># 33, GROUND FLOOR, BLOCK-B, RANJIT AVENUE<br>AMRITSAR-143001- | 05-03-1983 | H-7802 | 09-08-15 | 2000/- |
| 16. | S. KULDEEP SINGH<br>S/O NIRMAL SINGH<br>V & P.O.-THALHI, VIA-LAKHINDER<br>DISTT-HOSHIARPUR- | 30-10-1970 | J-8510 | 17-08-15 | 2000/- |
| 17. | S. BALBIR SINGH MOMI,<br>S/O S. DALIP SINGH<br>V & P.O.-THATTA NAWAN<br>DISTT-KAPURTHALA-144628 | 22-05-1961 | J-8511 | 17-08-15 | 2000/- |
| 18. | S. AMRIK SINGH<br>S/O S. JOGINDER SINGH<br>348, ROSE AVENUE, BACK SIDE E.S.I HOSPITAL<br>KAPURTHALA-144601 | 05-05-1964 | J-8512 | 17-08-15 | 2000/- |
| 19. | S. GURMEET SINGH<br>S/O LATE JOGINDER SINGH<br># 68-69, BAHI DITT SINGH NAGAR, JALANDHAR CITY-144001 | 07-07-1974 | J-8513 | 17-08-15 | 2000/- |

| | | | | | |
|---|---|---|---|---|---|
| 20. | S. AVTAR SINGH<br>S/O S. TARLOK SINGH<br>EF 353, NEAR PARTAP BAGH, JALANDHAR CITY-144001 | 15-08-1966 | J-8514 | 17-08-15 | 2000/- |
| 21. | SH. MANGAT RAM<br>S/O SH. SURJAN DASS<br>V ILL.-MALLIAN, P.O.-DYALPUR<br>DISTT-JALANDHAR-144803 | 10-08-1973 | J-8515 | 17-08-15 | 2000/- |
| 22. | S. NARINDER SINGH<br>S/O S. JOGINDER SINGH<br># 747, STREET NO.-1, NEW MOTI NAGAR<br>FOCAL POINT, LUDHIANA-141010 | 15-10-1961 | J-8517 | 17-08-15 | 2000/- |
| 23. | SMT. BALJINDER KAUR<br>W/O S. NARINDER SINGH<br># 747, STREET NO.-1, NEW MOTI NAGAR<br>FOCAL POINT, LUDHIANA-141010 | 05-04-1966 | J-8516 | 17-08-15 | 2000/- |
| 24. | S. SARABJIT SINGH S/O<br>S. GURCHARAN SINGH<br>VILL & P.O.-ZAHURA, DISTT-HOSHIARPUR | 15-04-1952 | J-8496 | 10-04-15 | 2000/- |
| 25. | S. PRABHSIMRAN SINGH S/O<br>S. SATPAL SINGH<br>V & P.O. - RAJOULI, VIA-BARARA, DISTT-AMBALA CITY | 05-06-1982 | H-6409 | 08-08-15 | 2000/- |
| 26. | SMT. SATINDER KAUR W/O<br>S. BALWINDER SINGH<br># 933, PHASE-10, S.A.S NAGAR, MOHALI | 20-07-1970 | H-7427 | 14-06-15 | 2100/- |
| 27. | ER. SURINDERPAL SINGH<br>S/O S. PURAN SINGH<br># 3808, SECTOR-32-D, CHANDIGARH | 05-05-1958 | H-7807 | 05-05-15 | 2000/- |
| 28. | DR. RANJEET SINGH BHATIA<br>S/O LATE GOKAL DASS BHATIA<br>VILL.-TANDA, P.O.- RAJPUR<br>TEH.- PALAMPUR, DISTT-KANGRA (H.P.)-173230 | 16-04-1957 | J-8528 | 08-09-15 | 2000/- |
| 29. | VISHAL BHATIA S/O<br>DR. RANJEET SINGH BHATIA<br>VILL.-TANDA, P.O. - RAJPUR<br>TEH. - PALAMPUR, DISTT-KANGRA (H.P.)-173230 | 11-06-1987 | J-8529 | 29/07/15 | 2000/- |
| 30. | S. LAKHWINDER SINGH MULTANI<br>S/O S. DARSHAN SINGH<br># 3323, SECTOR-71, MOHALI | 15-08-1961 | J-8532 | 12/09/15 | 2000/- |

# LIST OF LOBANA SEWAK MEMEBRS OF BMSL FOUNDATION, CHANDIGARH (JAN. TO MAY)

| Sr. No. | Name & Address | Receipt No. | Date | Amount |
|---|---|---|---|---|
| 1. | S. GURSEWAK SINGH,<br>S/O S. DALIP SINGH<br># 1130, WARD NO.-5, V &P.O.-BEGOWAL,<br>TEH.- BHOLATH, DISTT-KAPURTHALA-144621 | H-6900 | 08-08-15 | 1100/- |
| 2. | S. PARMINDERJIT SINGH, S/O<br>MASTER AMARJIT SINGH NAMBERDAR<br># 184, V & P.O.- ZAHURA, DISTT-HOSHIARPUR | J-8150 | 09-08-15 | 1100/- |
| 3. | S. NAGINDER SINGH<br># 2331, PHASE-11, MOHALI | J-8151 | 24-08-15 | 1100/- |
| 4. | S. JASMINE SINGH<br>S/O LATE GURNAM SINGH<br># 17, GURU TEGH BAHADUR NAGAR<br>P.O. - KHATRA COLLEGE, AMRITSAR-143002 | H-7801 | 09-08-15 | 1100/- |
| 5. | S. GURDEV SINGH<br># 1713/2-A, NEW DEEP NAGAR<br>CHUHARPUR ROAD, HAIBOWAL KLAN<br>LUDHIANA-141001 | H-7803 | 28-08-15 | 1100/- |
| 6. | DR. G.B. SINGH<br># 372, URBAN ESTATE, PAHSE-1, PATIALA (PUNJAB) | H-7805 | 29-08-15 | 1100/- |
| 7. | SH. HARBANS SINGH<br>S/O S. LABH SINGH<br>VILL.-BHORLA BET, P.O.- CHHOURIAN<br>VIA-BEHOLPUR, THE.-SAMRALA, DISTT-LUDHIANA-141121 | J-8152 | 13-09-15 | 1100/- |
| 8. | S. NIRANJAN SINGH GHOTRA<br># 599, VILL & P.O.-BARARA, DISTT-AMBALA-133201 | J-8153 | 27-09-15 | 1100/- |
| 9. | S. GURDEEP SINGH<br>S/O S. PIARA SINGH<br># 46, TYPE-4, POWER COLONY, ROPAR-140001 | H-7812 | 27-09-15 | 1100/- |
| 10. | S. LAKHWANT SINGH<br>ASSISTANT COMMANDANT, C-5, CISF CAMP, 14-A, MAIN HALL<br>STAGE-2, INDRA NAGAR, BANGLORE-560008 | H-7813 | 27-09-15 | 1100/- |

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-09-2015 ਤੋਂ 30-09-2015

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ.ਐਨ.ਪੀ.ਸਿੰਘ<br>ਮਕਾਨ ਨੰ.-2249, ਸਟਾਰ ਐਨਕਲੇਵ, ਸੈਕਟਰ-48 ਸੀ, ਚੰਡੀਗੜ੍ਹ | 1000/- | ਐਚ-6406 | 04-09-2015 |
| 2. | ਸ. ਨਵਪ੍ਰੀਤ ਸਿੰਘ<br>ਮਕਾਨ ਨੰ.-2249, ਸਟਾਰ ਐਨਕਲੇਵ, ਸੈਕਟਰ-48 ਸੀ, ਚੰਡੀਗੜ੍ਹ | 1000/- | ਐਚ-6407 | 04-09-2015 |
| 3. | ਸ. ਕਰਮਜੀਤ ਸਿੰਘ ਐਡਵੋਕੇਟ<br>ਮਕਾਨ ਨੰ.-229, ਐਡਵੋਕੇਟ ਐਨਕਲੇਵ,<br>ਸੈਕਟਰ-49, ਚੰਡੀਗੜ੍ਹ | 100/- | ਐਚ-6408 | 04-09-2015 |
| 4. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ-7527 | 05-09-2015 |
| 4. | ਸ. ਭਗਤ ਸਿੰਘ , ਆਈ.ਏ.ਐਸ. (ਰਿਟਾ.)<br>ਮਕਾਨ ਨੰ.-795, ਫੇਸ-3-ਬੀ-1, ਮੋਹਾਲੀ | 1100/- | ਐਚ-7528 | 05-09-2015 |
| 5. | ਮੇਜਰ ਤਰਲੋਕ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 500/- | ਐਚ-7529 | 07-09-2015 |
| 6. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 500/- | ਐਚ-7530 | 07-09-2015 |
| 7. | ਸ. ਸੁਰਿੰਦਰ ਸਿੰਘ, ਸੈਕਟਰ-47, ਚੰਡੀਗੜ੍ਹ | 200/- | ਐਚ-7531 | 07-09-2015 |
| 8. | ਗੁਪਤ ਦਾਨ | 500/- | ਐਚ-7533 | 17-09-2015 |
| 9. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7534 | 17-09-2015 |
| 10. | ਮੇਜਰ ਨਿਰੰਜਨ ਸਿੰਘ ਮੁਲਤਾਨੀ<br>ਮਕਾਨ ਨੰ.-1089, ਫੇਸ-10, ਮੋਹਾਲੀ | 200/- | ਐਚ-7535 | 17-09-2015 |
| 11. | ਸ. ਬਲਬੀਰ ਸਿੰਘ,<br>ਮਕਾਨ ਨੰ.-119, ਸੈਕਟਰ-35 ਏ, ਚੰਡੀਗੜ੍ਹ | 100/- | ਐਚ-7536 | 17-09-2015 |
| 12. | ਬੀਬੀ ਮੰਜੂ ਮਾਨ ਕੌਰ ਮੁਲਤਾਨੀ<br>ਮਕਾਨ ਨੰ.-114, ਸੈਕਟਰ-33 ਏ, ਚੰਡੀਗੜ੍ਹ | 500/- | ਐਚ-7537 | 17-09-2015 |
| 13. | ਸ. ਹਿੰਮਤ ਸਿੰਘ<br>ਮਕਾਨ ਨੰ.-2051, ਸੈਕਟਰ-20, ਚੰਡੀਗੜ੍ਹ | 100/- | ਐਚ-7538 | 17-09-2015 |
| 14. | ਸ. ਭਗਤ ਸਿੰਘ, ਆਈ.ਏ.ਐਸ. (ਰਿਟਾ.)<br>ਮਕਾਨ ਨੰ.-795, ਫੇਸ-3-ਬੀ-1, ਮੋਹਾਲੀ | 500/- | ਐਚ-7539 | 17-09-2015 |

| | | | | |
|---|---|---|---|---|
| 15. | ਸ. ਐਨ.ਪੀ. ਸਿੰਘ | 200/- | ਐਚ-7540 | 17-09-2015 |
| | ਮਕਾਨ ਨੰ.-2249, ਸਟਾਰ ਐਨਕਲੇਵ, ਸੈਕਟਰ-48 ਸੀ, ਚੰਡੀਗੜ੍ਹ | | | |
| 16. | ਪੰਡਤ ਰਾਮ ਕੁਮਾਰ ਕੈਨਟੀਨ | 500/- | ਐਚ-7541 | 17-09-2015 |
| | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | | | |
| 17. | ਸ. ਬਲਵਿੰਦਰ ਸਿੰਘ ਮੁਲਤਾਨੀ | 200/- | ਐਚ-7542 | 17-09-2015 |
| | ਮੀਤ ਪ੍ਰਧਾਨ (ਹੈਡਕੁਆਰਟਰ), ਮਕਾਨ ਨੰ.-541, ਫੇਸ-3-ਏ, ਮੋਹਾਲੀ | | | |
| 18. | ਸਰਦਾਰਨੀ ਚਰਨਜੀਤ ਕੌਰ | 1000/- | ਐਚ-7543 | 17-09-2015 |
| | ਮਕਾਨ ਨੰ.-7781, ਡੋਗ ਕੈਨਲ, ਵਿਕਾਸ ਨਗਰ, ਨਯਾ ਗਾਓ | | | |
| 19. | ਸ. ਧਰਮਵੀਰ ਸਿੰਘ, ਕੇਅਰ ਟੇਕਰ | 200/- | ਐਚ-7544 | 17-09-2015 |
| | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | | | |
| 20. | ਸ. ਮਨਜੀਤ ਸਿੰਘ ਮੁਲਤਾਨੀ | 1100/- | ਐਚ-7545 | 17-09-2015 |
| | ਮਕਾਨ ਨੰ.-1005, ਸੈਕਟਰ-71, ਮੋਹਾਲੀ | | | |
| 21. | ਸ. ਗੁਰਬਚਨ ਸਿੰਘ | 100/- | ਐਚ-7546 | 17-09-2015 |
| | ਮਕਾਨ ਨੰ.-2808/2, ਸੈਕਟਰ-47-ਸੀ, ਚੰਡੀਗੜ੍ਹ | | | |
| 22. | ਕੈਪਟਨ ਗੁਰਨਾਮ ਸਿੰਘ | 1100/- | ਐਚ-7547 | 17-09-2015 |
| | ਪਿੰਡ-ਬਲ੍ਹਾ, ਡਾ.-ਟਾਹਲੀ, ਜ਼ਿਲ੍ਹਾ-ਹੁਸ਼ਿਆਰਪੁਰ | | | |
| 23. | ਕਰਨਲ ਗੁਰਦੀਪ ਸਿੰਘ | 500/- | ਐਚ-7548 | 17-09-2015 |
| | ਮਕਾਨ ਨੰ.-62, ਸੈਕਟਰ-71, ਮੋਹਾਲੀ | | | |
| 23. | ਇੰਜੀ. ਰਮਿੰਦਰ ਸਿੰਘ, ਪੁੱਤਰ | 1100/- | ਐਚ-7549 | 17-09-2015 |
| | ਸ. ਗੁਰਚਰਨ ਸਿੰਘ, ਪ੍ਰਧਾਨ, ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | | | |
| 24. | ਸ. ਹਰਬੰਸ ਸਿੰਘ, ਜਨਰਲ ਸਕੱਤਰ | 500/- | ਐਚ-7551 | 17-09-2015 |
| | ਮਕਾਨ ਨੰ.-2060, ਫੇਸ-10, ਮੋਹਾਲੀ | | | |
| 25. | ਸ. ਗੁਰਦੇਵ ਸਿੰਘ ਸਰਕਾਰੀ ਠੇਕੇਦਾਰ | 500/- | ਐਚ-7552 | 17-09-2015 |
| | ਮਕਾਨ ਨੰ.-122, ਸੈਕਟਰ-36 ਏ, ਚੰਡੀਗੜ੍ਹ | | | |
| 26. | ਕਰਨਲ ਮੱਖਣ ਸਿੰਘ | 500/- | ਐਚ-7553 | 17-09-2015 |
| | ਮਕਾਨ ਨੰ.-2094, ਫੇਸ-7, ਮੋਹਾਲੀ | | | |
| 27. | ਸ. ਜਗੀਰ ਸਿੰਘ ਲਾਲੀਆ | 200/- | ਐਚ-7554 | 17-09-2015 |
| | ਮਕਾਨ ਨੰ.-1838, ਫੇਸ-7, ਮੋਹਾਲੀ | | | |
| 28. | ਸ. ਹਰਜਿੰਦਰ ਸਿੰਘ | 200/- | ਐਚ-7555 | 17-09-2015 |
| | ਸੈਕਟਰ-22 ਬੀ, ਚੰਡੀਗੜ੍ਹ | | | |
| 29. | ਸ. ਦਰਸ਼ਨ ਸਿੰਘ | 200/- | ਐਚ-7556 | 17-09-2015 |
| | ਮਕਾਨ ਨੰ.-1204, ਸੈਕਟਰ-22, ਚੰਡੀਗੜ੍ਹ | | | |
| 30. | ਸ. ਗਿਆਨ ਸਿੰਘ ਮੁਲਤਾਨੀ | 200/- | ਐਚ-7557 | 17-09-2015 |
| | ਮਕਾਨ ਨੰ. 42, ਸੈਕਟਰ-16 ਏ, ਚੰਡੀਗੜ੍ਹ | | | |

| | | | | |
|---|---|---|---|---|
| 31. | ਸ. ਅਮਰਜੀਤ ਸਿੰਘ ਸਪੁੱਤਰ<br>ਸ. ਗਿਆਨ ਸਿੰਘ ਮੁਲਤਾਨੀ,<br>ਮਕਾਨ ਨੰ. 42, ਸੈਕਟਰ-16 ਏ, ਚੰਡੀਗੜ੍ਹ | 500/- | ਐਚ-7558 | 17-09-2015 |
| 32. | ਸ. ਸੁਰਿੰਦਰ ਸਿੰਘ<br>ਮਕਾਨ ਨੰ.-2541, ਫੇਸ-10, ਮੋਹਾਲੀ | 500/- | ਐਚ-7559 | 17-09-2015 |
| 33. | ਸ. ਸਤਿੰਦਰਪਾਲ ਸਿੰਘ, ਪਟਿਆਲਾ | 500/- | ਐਚ-7560 | 17-09-2015 |
| 34. | ਸ. ਇੰਦਰਜੀਤ ਸਿੰਘ<br>ਮਕਾਨ ਨੰ.-1756 ਬੀ, ਸੈਕਟਰ-43 ਬੀ, ਚੰਡੀਗੜ੍ਹ | 200/- | ਐਚ-7561 | 17-09-2015 |
| 35. | ਕੈਪਟਨ ਪ੍ਰਕਾਸ਼ ਸਿੰਘ<br>ਮਕਾਨ ਨੰ.-40, ਨੇੜੇ ਗੁਰਦੁਆਰਾ ਕਲਾ ਮਹਲ,<br>ਮਕਸੂਦਾ, ਜਲੰਧਰ | 1100/- | ਐਚ-7562 | 23-09-2015 |
| 36. | ਸ. ਲਖਵਿੰਦਰ ਸਿੰਘ<br>ਮਕਾਨ ਨੰ.-4475, ਦਰਸ਼ਨ ਵਿਹਾਰ, ਸੈਕਟਰ-68, ਮੋਹਾਲੀ | 1100/- | ਐਚ-7564 | 27-09-2015 |
| 37. | ਸ. ਹਰਬੰਸ ਸਿੰਘ | 100/- | ਐਚ-7765 | 28-09-2015 |

## ਮੋਬਾਇਲ ਲੈਬੋਰੇਟਰੀ - ਪ੍ਰਾਪਤ ਰਾਸ਼ੀ 3,28,500

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਬੀਬੀ ਮਨਜੀਤ ਕੌਰ ਖਾਲਸਾ ਸਪੁੱਤਰੀ<br>ਸ. ਸੁਖਵੰਤ ਸਿੰਘ, ਪਿੰਡ-ਰਾਏਪੁਰ ਪੀਰਬਖਸ, ਜ਼ਿਲ੍ਹਾ-ਕਪੂਰਥਲਾ | 1000/- | ਐਚ-7809 | 12-09-2015 |
| 2. | ਸ. ਸੁਖਵਿੰਦਰ ਸਿੰਘ, ਪ੍ਰੇਮ ਕਲਾਥ ਹਾਊਸ,<br>ਪਿੰਡ-ਬੇਗੋਵਾਲ, ਤਹਿਸੀਲ-ਭੁਲੱਥ, ਜ਼ਿਲ੍ਹਾ-ਕਪੂਰਥਲਾ | 1000/- | ਐਚ-7810 | 12-09-2015 |
| 3. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 11000/- | ਐਚ-7532 | 17-09-2015 |
| 4. | ਬੀਬੀ ਮਨਜੀਤ ਕੌਰ ਪਤਨੀ<br>ਸ. ਗੁਰਮੁਖ ਸਿੰਘ, ਮਕਾਨ ਨੰ.-1625/1,<br>ਗਲੀ ਨੰ.-3, ਨਿਊ ਪ੍ਰੇਮ ਨਗਰ, ਲੁਧਿਆਣਾ | 14000/- | ਐਚ-7810 | 27-09-2015 |
| 5. | ਬੀਬੀ ਦਵਿੰਦਰ ਕੌਰ ਪਤਨੀ<br>ਡਾ. ਭੁਪਿੰਦਰ ਸਿੰਘ, ਮਕਾਨ ਨੰ.-115, ਵਾਰਡ ਨੰ.-12,<br>ਨੇੜੇ ਨਾਭਾ ਹਾਊਸ, ਪੇਹਵਾ, ਜ਼ਿਲ੍ਹਾ-ਕੁਰਕਸੇਤਰਾ | 2100/- | ਐਚ-7811 | 27-09-2015 |
| 6. | ਸ. ਕੇਵਲ ਸਿੰਘ ਸਪੁੱਤਰ ਸ. ਗੁਰਮੁਖ ਸਿੰਘ<br>ਪਿੰਡ-ਸਿਕਰੀ, ਡਾ.-ਮਿਆਣੀ ਭਗੁਪੁਰੀਆਂ, ਤਹਿਸੀਲ-ਭੁਲੱਥ, ਜ਼ਿਲ੍ਹਾ-ਕਪੂਰਥਲਾ<br>(ਗਿਆਨੀ ਗੁਰਮੁਖ ਸਿੰਘ ਦੇ ਅੰਤਿਮ ਅਰਦਾਸ ਦੇ ਮੌਕੇ ਤੇ) | 2100/- | ਐਚ-7814 | 27-09-2015 |
| 7. | ਸ. ਗੁਰਚਰਨ ਸਿੰਘ ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ<br>(ਗਿਆਨੀ ਗੁਰਮੁਖ ਸਿੰਘ ਦੇ ਅੰਤਿਮ ਅਰਦਾਸ ਦੇ ਮੌਕੇ ਤੇ) | 2100/- | ਐਚ-7815 | 27-09-2015 |



# MATRIMONIAL



Lubana Sikh Girl, 34,5'-6'', MBA, running own recruitment (job placement) company in Chandigarh. Good income, issueless divorcee, legally divorced after brief marriage. Send bio-data at email id: sbsingh21@yahoo.com.

* * *

Match for lobana sikh girl 25, 5’-7” pursuing degree in Physiotherapy. Diploma in one year computer course and animation also. Presently running her clinic under Ngo’s. Contact : (Mob.) 97803-48727, 99884-31672.

* * *

Suitable match for may 86 born 5'-2" Phd from agricultural university, employed lobana sikh girl father Sr. Class one officer just retired only brother army captain. Contact 09416972724.

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ










23-9-2015
ਨੂੰ ਐਂਬੂਲੈਂਸ
ਕਮ ਮੋਬਾਇਲ
ਟੈਸਟਿੰਗ ਵੈਨ
ਦਾ ਚੰਡੀਗੜ੍ਹ
ਭਵਨ ਵਿਖੇ
ਉਦਘਾਟਨ
ਕੀਤੇ ਜਾਣ ਦੇ
ਵੱਖ-ਵੱਖ ਦ੍ਰਿਸ਼

Regd No. 32212/78

Postal No.-- CHD/0111/2015-17

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਿਹਤ ਖੇਤਰ ਵਿਚ ਸਮਾਜ ਦੀ ਸੇਵਾ ਕਰਨ ਲਈ ਐਂਬੂਲੈਂਸ ਕਮ ਮੋਬਾਇਲ ਟੈਸਟਿੰਗ ਵੈਨ ਲਈ ਗਈ ਅਤੇ ਇਹ ਵੈਨ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਗੁਰਦਾਸਪੁਰ ਜ਼ਿਲ੍ਹਿਆਂ ਵਿਚ ਆਪਣੀਆਂ ਸੇਵਾਵਾਂ ਪ੍ਰਦਾਨ ਕਰੇਗੀ। ਇਸ ਦਾ ਹੈੱਡਕੁਆਰਟਰ ਜਲੰਧਰ ਵਿਖੇ ਬਣਾਇਆ ਗਿਆ ਹੈ।

